ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥
(ਗੁਰੂ ਗ੍ਰੰਥ ਸਾਹਿਬ, ਪੰ. 554)

# ਅੰਮ੍ਰਿਤ ਛੌਡਿ ਕਾਹੇ ਬਿਖੁ ਖਾਹਿ ?



( ਮਃ ੧ ਪੰਨਾ ੭੨੯)

Sri Satguru Jagjit Singh Ji eLibrary
NamdhariElibrary@gmail.com

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥

*(ਗੁਰੂ ਗ੍ਰੰਥ ਸਾਹਿਬ, ਪੰ. 554)*

# ਅੰਮ੍ਰਿਤ ਛੋਡਿ ਕਾਹੇ ਬਿਖੁ ਖਾਹਿ ॥

*(ਮ: ੧ ਪੰਨਾ, ੭੨੮)*

ਸਰੂਪ ਸਿੰਘ ਯੂ. ਕੇ.

ਪ੍ਰਕਾਸ਼ਕ
ਸੇਵਾ ਸਿੰਘ (ਸੰਤ)
ਗੁ: ਰਾਮਪੁਰ ਖੇੜਾ, ਡਾ: ਗੜ੍ਹਦੀਵਾਲਾ
ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਫੋਨ 01886-260334



Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ

ਸ. ਸਰੂਪ ਸਿੰਘ ਯੂ. ਕੇ. ਨਿਵਾਸੀ ਨੇ ਅੰਮ੍ਰਿਤ ਛੋਡਿ ਕਾਹੇ ਬਿਖੁ ਖਾਹਿ ਦੇ ਟ੍ਰੈਕਟ ਰਾਹੀਂ ਸਾਨੂੰ ਸਾਰਿਆਂ ਨੂੰ ਅਜੋਕੇ ਸਮੇਂ ਵਿਚ ਜੋ ਕੌਮ ਵਿਚ ਪਤਤਪੁਣੇ ਦਾ ਨਿਘਾਰ ਆਇਆ ਹੈ ਅਤੇ ਅਜੋਕੀ ਨੌਜਵਾਨ ਪੀੜ੍ਹੀ ਜਿਸਨੇ ਬਿਖਿਆ ਮੀਠੀ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਦੇ ਲਿਆ ਹੈ ਅਤੇ ਅਣਜਾਣਪੁਣੇ ਵਿਚ ਆਪਣੇ ਸਰੀਰ ਅਤੇ ਆਤਮਾ ਨਾਲ ਧ੍ਰੋਹ ਕਮਾ ਕੇ ਲੋਕ ਪ੍ਰਲੋਕ ਨੂੰ ਬਰਬਾਦ ਕਰਨ ਦਾ ਰਸਤਾ ਅਪਨਾਇਆ ਹੈ। ਜਿਸ ਕਾਰਨ ਨੌਜਵਾਨੀ ਦਾ ਭਵਿੱਖ ਅਤਿਅੰਤ ਖ਼ਤਰੇ ਵਿਚ ਜਾਪ ਰਿਹਾ ਹੈ। ਇਨ੍ਹਾਂ ਸਾਰੇ ਪੱਖਾਂ ਤੇ ਬੜੀ ਸੂਝ ਬੂਝ ਤੇ ਦਲੀਲ ਨਾਲ ਚਾਨਣਾ ਪਾਇਆ ਹੈ।

ਸ. ਸਰੂਪ ਸਿੰਘ ਜੀ ਨੇ ਮਨੁੱਖ ਨੂੰ ਨਸ਼ੇ ਕਿਵੇਂ ਲਗਾਂਦੇ ਹਨ? ਕੌਮਾਂ ਕਿਵੇਂ ਤਬਾਹ ਹੁੰਦੀਆਂ ਹਨ? ਕੌਮਾਂ ਵਿਚ ਨਿਘਾਰ ਕਿਵੇਂ ਆ ਜਾਂਦਾ ਹੈ? ਕੌਮਾਂ ਦੀ ਅਧੋਗਤੀ ਵਿਚ ਜਾਣ ਦੇ ਕਾਰਣਾ ਬਾਰੇ ਬੜੀ ਡੂੰਘਾਈ ਵਿਚ ਜਾ ਕੇ ਉਹਨਾਂ ਕਾਰਨਾਂ ਨੂੰ ਕੌਮ ਸਾਹਮਣੇ ਰਖਿਆ ਹੈ, ਜਿਹਨਾਂ ਕਾਰਨਾਂ ਦੁਆਰਾ ਅੱਜ ਇਹ ਹਾਲਾਤ ਵਾਪਰ ਰਹੇ ਹਨ ਅਤੇ ਨਾਲ ਹੀ ਇਸ ਅਧੋਗਤੀ ਵਾਲੇ ਜੀਵਨ ਲਈ ਅਸੀਂ ਕੌਣ ਕੌਣ ਜਿੰਮੇਵਾਰ ਹਾਂ, ਕਿਵੇਂ ਸਰਕਾਰ, ਸਮਾਜ, ਮਾਂ-ਬਾਪ ਜਿਹਨਾਂ ਨੇ ਆਪਣੀ ਸੁਚੱਜੀ ਅਗਵਾਈ ਵਿਚ ਆਉਣ ਵਾਲੀ ਪੀੜ੍ਹੀ ਨੂੰ ਸੇਧ ਦੇ ਕੇ ਨਰੋਆ ਸਮਾਜ ਸਿਰਜਣਾ ਸੀ। ਉਨ੍ਹਾਂ ਦੀ ਅਣਗਹਿਲੀ ਤੇਂ ਕਮਜ਼ੋਰੀ ਦਾ ਬੜੀ ਦਲੇਰੀ ਤੇ ਨਿਧੜਕਤਾ ਨਾਲ ਪਰਦਾ ਫਾਸ਼ ਕੀਤਾ ਹੈ ਅਤੇ ਨਾਲ ਹੀ ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਦੇ ਮਾਰੂ ਪ੍ਰਭਾਵ ਤੋਂ ਜਾਗਰੂਕ ਕਰਾਣ ਵਾਸਤੇ ਨਸ਼ਿਆਂ (ਸ਼ਰਾਬ, ਤੰਬਾਕੂ, ਡਰੱਗਜ਼) ਦੇ ਸਰੀਰ ਅਤੇ ਆਤਮਾ ਦੇ ਪੈਣ ਵਾਲੇ ਮਾਰੂ ਪ੍ਰਭਾਵਾਂ ਦੇ ਨੁਕਸਾਨ ਤੋਂ ਜਾਣੂ ਕਰਵਾਇਆ ਹੈ। ਨਾਲ ਹੀ ਬਾਬਾ ਫਰੀਦ ਜੀ ਦੇ ਸੰਦੇਸ਼ ਨੂੰ ਯਾਦ ਕਰਾਉਂਦਿਆਂ "ਫਰੀਦਾ ਜੇ ਤੂ ਅਕਲਿ ਲਤੀਫ਼ ਕਾਲੇ ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰ ਦੇਖੁ॥"੬॥ ਪੰਨਾ ੧੩੭੮॥ ਦੇ ਧਾਰਨੀ ਬਣ ਕੇ ਸਵੈ-ਪੜਚੋਲ ਕਰਨ ਵਾਸਤੇ ਪ੍ਰੇਰਨਾ ਦਿੱਤੀ ਹੈ। ਜਿਥੇ ਨਸ਼ੇ ਦੀ ਲਪੇਟ ਵਿਚ ਆਈ ਮਨੁਖਤਾ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵ ਤੋਂ ਜਾਣੂ ਕਰਾਇਆ ਹੈ, ਨਾਲ ਨਾਲ ਜਿਸ ਢਿਲ ਅਣਜਾਣਪੁਣੇ ਕਾਰਣ ਕੌਮ ਮਾਰ ਖਾ ਰਹੀ, ਉਸ ਘੂਕ ਨੀਂਦ ਤੋਂ ਉਥਾਨ ਹੋਣ ਲਈ ਪ੍ਰੇਰਨਾ ਦਿੱਤੀ ਹੈ। ਨਿਰੀ ਪ੍ਰੇਰਨਾ ਹੀ ਨਹੀਂ ਸਗੋਂ ਗੁਰੂ ਅਗਵਾਈ ਵਿਚ ਮਾਰਗ ਦਰਸ਼ਨ ਵੀ ਕੀਤਾ ਹੈ ਕਿ ਹੁਣ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ? ਸਾਰਾ ਟ੍ਰੈਕਟ, ਕੇਵਲ ਆਲੋਚਨਾ ਹੀ ਨਹੀਂ ਕਰਦਾ, ਸਗੋਂ ਆਸ਼ਾਵਾਦੀ ਹੋ ਕੇ ਕੁਝ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ।

ਹਰ ਕੰਮ ਕੀਤਾ ਜਾ ਸਕਦਾ ਹੈ, ਦੇ ਸਿਰਲੇਖ ਹੇਠ ਲੇਖਕ ਨੇ ਗੁਰਸਿੱਖ ਮੀਤ ਚਲਹੁ ਗੁਰ ਚਾਲੀ ਦੇ ਧਾਰਨੀ ਬਣਨ ਲਈ ਬਹੁਤ ਹੀ ਨਿੱਗਰ ਸੁਝਾਵ ਦਿੱਤੇ ਹਨ। ਜਿਨ੍ਹਾਂ ਨੂੰ ਅਮਲੀ ਰੂਪ ਦੇਣ ਨਾਲ ਸਮਾਜ ਨੂੰ ਲਗੇ ਨਸ਼ਿਆਂ ਦੇ ਕੋਹੜ ਤੇ ਪਤਿਤਪੁਣੇ ਦੇ ਕਲੰਕ ਤੋਂ ਨਿਜਾਤ ਮਿਲ ਸਕਦੀ ਹੈ। ਮੈਂ ਸਾਰੇ ਟ੍ਰੈਕਟ ਨੂੰ ਚੰਗੀ ਤਰ੍ਹਾਂ ਵਾਚਿਆ ਹੈ। ਸ. ਸਰੂਪ ਸਿੰਘ ਜੀ ਨੂੰ ਇਸ ਟ੍ਰੈਕਟ ਦੇ ਲਿਖਣ ਲਈ ਵਧਾਈ ਦਿੰਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਗੁਰੂ

ਪਾਤਸ਼ਾਹ ਇਸੇ ਤਰ੍ਹਾਂ ਸ. ਸਰੂਪ ਸਿੰਘ ਜੀ ਨੂੰ ਹੋਰ ਬਲ ਤੇ ਬੁੱਧੀ ਬਖਸ਼ਿਸ਼ ਕਰਨ ਤਾਂ ਜੋ ਬਿਬੇਕ-ਲੇਖਣੀ ਨਾਲ ਮਨੁੱਖਤਾ, ਸਮਾਜ, ਕੌਮ ਅਤੇ ਸਿੱਖ ਪੰਥ ਦੀ ਸੇਵਾ ਕਰਕੇ ਗੁਰੂ ਖੁਸ਼ੀ ਪ੍ਰਾਪਤ ਕਰ ਸਕਣ ਜੀ।

ਨਾਲ ਹੀ ਮੈਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਲੋਂ ਇਸ ਟ੍ਰੈਕਟ ਨੂੰ ਛਪਵਾ ਕੇ ਮੋਖ-ਰਹਿਤ ਨੌਜਵਾਨਾਂ ਦੀ ਸੇਵਾ ਵਿਚ ਭੇਟਾ ਕਰ ਰਿਹਾ ਹਾਂ। ਕਿਤੇ ਕੋਈ ਨੌਜਵਾਨ ਇਸ ਟ੍ਰੈਕਟ ਨੂੰ ਪੜ੍ਹ ਕੇ, ਆਪਣੀ ਸੋਚ ਨੂੰ ਬਦਲ ਗੁਰੂ ਸੋਚ ਦਾ ਧਾਰਨੀ ਬਣ ਨਸ਼ਿਆਂ ਦੀ ਦਲਦਲ ਵਿਚੋਂ ਨਿਕਲ ਕੇ ਆਪਣੀ ਜੀਵਨ ਸਵਾਰ ਲਵੇ ਤਾਂ ਇਹ ਸਾਰਾ ਪੁਰਸਾਰਥ ਸਫਲ ਸਮਝਿਆ ਜਾਵੇਗਾ।

ਗੁਰੂ ਪੰਥ ਦਾ ਦਾਸ
ਸੇਵਾ ਸਿੰਘ (ਸੰਤ)
ਗੁ. ਰਾਮਪੁਰ ਖੇੜਾ
ਡਾ. ਗੜ੍ਹਦੀਵਾਲਾ (ਜ਼ਿਲ੍ਹਾ ਹੁਸ਼ਿਆਰਪੁਰ)
ਪੰਜਾਬ
ਫੋਨ: 01886-260334

www.archive.org/details/namdhari

# ਖਾਲਸੇ ਦੇ ਸ਼ਾਨਦਾਰ ਵਿਰਸੇ ਦਾ ਪਿਛੋਕੜ

ਜਿਸ ਖਾਲਸੇ ਨੇ ਖੰਡੇ ਬਾਟੇ ਦੀ ਪਾਹੁਲ ਛਕਦਿਆਂ ਹੀ "ਪਰ ਅਧੀਨ ਸੁਪਨੇ ਸੁਖ ਨਾਹੀ" ਦੀ ਲਲਕਾਰ ਨਾਲ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨੀਆਂ ਆਰੰਭ ਦਿੱਤੀਆਂ, ਜਿਸ ਖ਼ਾਲਸੇ ਅੰਦਰ ਗ਼ੈਰਤ ਦੀਆਂ ਲਾਟਾਂ ਬਲ ਉਠੀਆਂ ਸਨ, ਜਿਸ ਖਾਲਸੇ ਦੀ ਸੂਰਮਗਤੀ, ਮਰਦਾਨਗੀ, ਦਲੇਰੀ, ਕੁਰਬਾਨੀ, ਸਿਦਕ ਅਤੇ ਦ੍ਰਿੜਤਾ ਦੀਆਂ ਚੌਹੀਂ ਪਾਸੀਂ ਧੁੰਮਾਂ ਪੈ ਗਈਆਂ, ਜਿਨ੍ਹਾਂ ਬਹਾਦਰ ਯੋਧਿਆਂ ਮੁਗ਼ਲ ਹੈਂਕੜ ਦੇ ਸਾਰੇ ਵਲਵਿੰਗ ਕੱਢ ਮਾਰੇ, ਜਿਨ੍ਹਾਂ ਸਿੱਖ ਸੂਰਮਿਆਂ ਨੇ ਧਾੜਵੀਆਂ ਤੇ ਜਾਬਰਾਂ ਨੂੰ ਕੰਧਾਰੋਂ ਪਾਰ ਕਰਕੇ ਉਥੇ ਕੇਸਰੀ ਨਿਸ਼ਾਨ ਜਾ ਝੁਲਾਇਆ ਸੀ, ਜਿਹੜਾ ਕੰਮ, ਹਜ਼ਾਰਾਂ ਸਾਲਾਂ ਵਿੱਚ ਕੋਈ ਨਹੀ ਸੀ ਕਰ ਸਕਿਆ, ਉਹ ਕੰਮ ਦਸ਼ਮੇਸ਼ ਪਿਤਾ ਦੇ ਜਿਸ ਖ਼ਾਲਸੇ ਨੇ ਅੱਧੀ ਸਦੀ ਵਿੱਚ ਹੀ ਕਰ ਵਿਖਾਇਆ, ਅੱਜ ਉਹ ਖਾਲਸਾ ਉਸ ਅੰਮ੍ਰਿਤ ਨੂੰ ਛੱਡ ਕੇ ਸ਼ਰਾਬ ਦੀ ਜ਼ਹਿਰ ਕਿਉਂ ਪੀਣ ਲੱਗ ਪਿਆ ਹੈ ਅਤੇ ਸ਼ੁਦਾਈ ਬਣਿਆ ਫਿਰਦਾ ਹੈ?

ਜਿਸ ਖ਼ਾਲਸੇ ਨੂੰ ਨਿਆਰੇ ਇਸ਼ਟ, ਨਿਆਰੇ ਗਰੰਥ ਅਤੇ ਨਿਆਰੇ ਪੰਥ ਨਾਲ ਜੋੜਿਆ ਗਿਆ। ਜਿਸ ਖ਼ਾਲਸੇ ਨੂੰ ਨਵੇਂ ਦੈਵੀ ਆਦਰਸ਼, ਨਵੇਂ ਦੈਵੀ ਨਿਸ਼ਾਨੇ, ਨਵੇਂ ਦੈਵੀ ਨਿਯਮ, ਨਵੇਂ ਪਹਿਰਾਵੇ, ਨਵੇਂ ਨਾਂ ਅਤੇ ਨਵੇਂ ਦੈਵੀ ਜੀਵਨ ਦਾ ਧਾਰਨੀ ਬਣਾਇਆ ਗਿਆ, ਜਿਸ ਖ਼ਾਲਸੇ ਦਾ ਰੂਪ ਨਿਆਰਾ, ਜਿਸ ਖ਼ਾਲਸੇ ਦੀ ਵਰਦੀ ਨਿਆਰੀ, ਜਿਸ ਖ਼ਾਲਸੇ ਦੇ ਬੋਲ-ਬਾਲੇ ਨਿਆਰੇ, ਜਿਸ ਖ਼ਾਲਸੇ ਦਾ ਖਾਣ-ਪੀਣ ਨਿਆਰਾ, ਜਿਸ ਖ਼ਾਲਸੇ ਦੀ ਰਹਿਣੀ-ਬਹਿਣੀ ਨਿਆਰੀ ਭਾਵ ਸਭ ਕੁਝ ਹੀ ਖ਼ਾਲਸੇ ਦਾ ਨਿਆਰਾ ਬਣਾ ਦਿੱਤਾ ਗਿਆ, ਜਿਸ ਖਾਲਸਾ ਪੰਥ ਦੇ ਹਰ ਸਿੱਖ ਮਰਦ ਦੇ ਨਾਂ ਨਾਲ 'ਸਿੰਘ' ਜੋੜ ਕੇ ਅਤੇ ਹਰ ਸਿੱਖ ਇਸਤਰੀ ਦੇ ਨਾਂ ਨਾਲ 'ਕੌਰ' ਪਦ ਜੋੜ ਕੇ ਸਭ ਨੂੰ ਸਾਂਝੀਵਾਲਤਾ ਦੀ ਲੜੀ ਵਿੱਚ ਪਰੋ ਦਿੱਤਾ ਗਿਆ ਸੀ, ਉਹ ਖਾਲਸਾ ਅੱਜ ਜੱਟਾਂ, ਭਾਪਿਆਂ, ਰਾਮਗੜ੍ਹੀਆਂ, ਰਵਿਦਾਸੀਆਂ ਆਦਿ ਦੀਆਂ ਸੌੜੀਆਂ ਤੇ ਹਨੇਰੀਆਂ ਗਲੀਆਂ ਵਿੱਚ ਕਿਉਂ ਗਵਾਚਾ ਫਿਰਦਾ ਹੈ?

ਜਿਸ ਖ਼ਾਲਸੇ ਕੋਲ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਵਰਗੀ ਜੀਵਨ ਜਾਚ ਹੈ; ਜਿਸ ਕੋਲ ਸੰਗਤ ਤੇ ਪੰਗਤ, ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ, ਦੇਗ ਤੇ ਤੇਗ ਅਤੇ ਸਰਬੱਤ ਦਾ ਭਲਾ ਮੰਗਣ ਦੇ ਕੁਦਰਤ ਦੀ ਨਿਯਮਾਵਲੀ ਨਾਲ ਮੇਲ ਖਾਂਦੇ ਸਿਧਾਂਤ ਹਨ; ਜਿਸ ਖ਼ਾਲਸੇ ਕੋਲ ਅਠਾਰਵੀਂ ਸਦੀ ਦਾ ਮਹਾਨ ਇਤਿਹਾਸਕ ਵਿਰਸਾ ਹੈ; ਜਿਸ ਕੋਲ ਅੱਜ ਦੇ ਯੁੱਗ ਦੇ ਮਹਾਨ ਜੀਵਨ ਸਿਧਾਂਤ ਹਨ; ਜਿਸ ਕੋਲ ਸ਼ਾਨਦਾਰ ਖ਼ਾਲਸਈ ਜ਼ਬਤ ਦਾ ਵਿਧਾਨ ਹੈ; ਜਿਸ ਖ਼ਾਲਸੇ ਕੋਲ ਇਤਨਾ ਉਚਾ ਇਤਿਹਾਸਕ ਕੌਮੀ ਕਿਰਦਾਰ

ਹੈ; ਜਿਸ ਕੋਲ ਸ਼ਾਨਦਾਰ ਬੇ-ਮਿਸਾਲ ਰਵਾਇਤਾਂ ਹਨ, ਜਿਨ੍ਹਾਂ ਨੂੰ ਵੇਖ ਕੇ ਕਟੱੜ ਸਿੱਖ ਵਿਰੋਧੀ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਵੀ ਸਿੱਖਾਂ ਦੀ ਤਾਰੀਫ਼ ਕਰਨ ਲਈ ਮਜਬੂਰ ਹੋ ਗਿਆ ਸੀ; ਜਿਹੜਾ ਖ਼ਾਲਸਾ ਸੰਸਾਰ ਦੇ ਇਨਕਲਾਬਾਂ ਦਾ ਜਨਮ-ਦਾਤਾ ਹੈ; ਜਿਹੜਾ ਖ਼ਾਲਸਾ ਦੁਨੀਆ ਵਿੱਚ ਪਹਿਲੀ ਵਾਰ ਇਸਤਰੀ ਨੂੰ ਬਰਾਬਰਤਾ ਦਾ ਸਨਮਾਨ ਦੇਣ ਵਾਲਾ ਹੈ; ਜਿਹੜਾ ਖ਼ਾਲਸਾ ਦੁਨੀਆ ਨੂੰ ਤਲਵਾਰ ਦੀ ਵਰਤੋਂ ਕਿਸੇ ਦੇ ਜ਼ਰ, ਜ਼ਮੀਨ ਤੇ ਜ਼ਨ ਖੋਹਣ ਜਾਂ ਜ਼ੁਲਮ ਲਈ ਵਰਤਣ ਦੀ ਥਾਂ ਆਪਣੇ ਤੇ ਪਰਾਏ ਦੇ ਹੱਕਾਂ ਦੀ ਰਾਖੀ ਲਈ ਵਰਤਣੀ ਸਿਖਾਉਣ ਵਾਲਾ ਹੈ; ਜਿਹੜਾ ਖ਼ਾਲਸਾ ਦੂਜਿਆਂ ਦੇ ਧਰਮ ਨੂੰ ਬਚਾਉਣ ਲਈ ਆਪਣਾ ਸਿਰ ਕਟਾਉਣ ਦੀ ਕੁਰਬਾਨੀ ਕਰਨੀ ਜਾਣਦਾ ਹੈ; ਜਿਹੜਾ ਖ਼ਾਲਸਾ ਰੈਡਕਰਾਸ ਦਾ ਮੋਢੀ ਹੈ; ਜਿਹੜਾ ਖ਼ਾਲਸਾ ਪੰਜਾਬ ਦੇ ਹਲਵਾਹਕਾਂ ਨੂੰ ਸੰਸਾਰ ਵਿੱਚ ਸਭ ਤੋਂ ਪਹਿਲਾਂ ਜ਼ਮੀਨ ਦਾ ਮਾਲਕ ਬਣਾਉਣ ਵਾਲਾ ਹੈ; ਜਿਹੜਾ ਖ਼ਾਲਸਾ ਜਮਨਾ ਤੋਂ ਲੈਕੇ ਕਾਬਲ ਤਕ ਅਤੇ ਤਿਬੱਤ ਤੋਂ ਲੈਕੇ ਸਿੰਧ ਤਕ ਦੇ ਵਿਸ਼ਾਲ ਰਾਜ ਦਾ ਮਾਲਕ ਸੀ ਅਤੇ ਜਿਸ ਖ਼ਾਲਸਾ ਸਰਕਾਰ ਦੀਆਂ ਇੰਗਲੈਂਡ, ਰੂਸ, ਫ਼ਰਾਂਸ ਅਤੇ ਅਫ਼ਗਾਨਿਸਤਾਨ ਨਾਲ ਸੰਧੀਆਂ ਸਨ; ਅੱਜ ਉਹੀ ਖ਼ਾਲਸਾ ਤੋਤੇ ਵਾਂਗ ਬੰਦੀ ਬਣਕੇ, ਚੂਰੀ ਖਾਣ ਅਤੇ ਮਾਲਕ ਦੀ ਬੋਲੀ ਬੋਲਣ ਲਈ ਕਿਉਂ ਉਤਾਵਲਾ ਹੈ?

ਸੰਸਾਰ ਵੱਚ ਸਭ ਤੋਂ ਪਹਿਲਾਂ ਪਰਜਾਤੰਤਰ (ਡੈਮੋਕਰੈਸੀ) ਦਾ ਸਿਧਾਂਤ ਕੇਵਲ ਲਿਖਤੀ ਰੂਪ ਵਿੱਚ ਹੀ ਨਹੀਂ, ਸਗੋਂ ਅਮਲੀ ਰੂਪ ਵਿੱਚ ਸਮੁੱਚੀ ਮਨੁੱਖਤਾ ਸਾਹਮਣੇ ਰੱਖਣ ਵਾਲਾ ਵੀ ਗੁਰਮਤਿ ਚਿੰਤਨ ਹੀ ਹੈ। ਸਾਰੇ ਅਰਬ ਦੇਸ਼ ਅਤੇ ਪੱਛਮੀ ਮੁਲਕ ਜਦ ਮਨੁੱਖਾਂ (ਅਫ਼ਰੀਕਨਾਂ) ਨੂੰ ਪਸ਼ੂਆਂ ਵਾਂਗ ਮੰਡੀਆਂ ਵਿੱਚ ਵੇਚ-ਖਰੀਦ ਰਹੇ ਸਨ ਅਤੇ ਜਦ ਪੱਛਮੀ ਦੇਸ਼ਾਂ ਦੀ ਡਿਕਸ਼ਨਰੀ ਵਿੱਚ ਡੈਮੋਕਰੈਸੀ ਨਾਂ ਦਾ ਕੋਈ ਸ਼ਬਦ ਹੀ ਨਹੀਂ ਸੀ, ਉਦੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਪੰਚ ਪਰਵਾਣ ਪੰਚ ਪ੍ਰਧਾਨ' ਦੇ ਪੰਚਾਇਤੀ ਅਸੂਲ ਅਧੀਨ ਸੰਨ 1699 ਵਿੱਚ ਸਮੂਹ ਖ਼ਾਲਸਾ ਪੰਥ ਦੀ ਅਗਵਾਈ ਪੰਜ ਪਿਆਰਿਆਂ ਦੇ ਹੱਥਾਂ ਵਿੱਚ ਦੇਕੇ, ਦਸ਼ਮੇਸ਼ ਪਿਤਾ ਨੇ ਅਸਲੀ ਜਮਹੂਰੀਅਤ ਦਾ ਰਾਹ ਵਿਖਾਇਆ ਸੀ। ਬਹੁ ਗਿਣਤੀ (ਸੰਗਤ) ਅਤੇ ਪੰਜ ਪਿਆਰਿਆਂ ਦੇ ਫ਼ੈਸਲੇ ਅੱਗੇ ਗੁਰੂ ਸਾਹਿਬਾਨ ਨੇ ਆਪ ਵੀ ਸਿਰ ਝੁਕਾ ਕੇ ਖਾਲਕ ਦੀ ਖਲਕਤ ਨੂੰ ਸਤਿਕਾਰਿਆ ਸੀ।

ਅਜੋਕੀ ਰੈਡਕਰਾਸ ਦੇ ਵਜੂਦ ਵਿੱਚ ਆਉਣ ਤੋਂ 160 ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਛੱਤਰ ਛਾਇਆਂ ਹੇਠ ਆਪ ਜੀ ਦੇ ਸਿੱਖ ਭਾਈ ਘਨਈਆ ਜੀ ਨੇ ਬਿਨਾਂ ਕਿਸੇ ਕਿਸਮ ਦੇ ਵਿਤਕਰੇ ਦੇ ਦੁਸ਼ਮਣ ਦੇ ਫਟੱੜ ਸਿਪਾਹੀਆਂ ਨੂੰ ਪਾਣੀ ਪਿਆਉਣ ਤੇ ਮਰ੍ਹਮ ਪੱਟ੍ਹੀ ਕਰਨ ਦੀ ਪਿਰਤ ਪਾ ਦਿੱਤੀ ਸੀ। ਅਜੋਕੀ ਰੈਡਕਰਾਸ ਤਾਂ ਇਕ ਨਿਰਪੱਖ ਧਿਰ ਦੇ ਤੌਰ ਤੇ ਫਟੱੜਾਂ ਦੀ ਸੇਵਾ-ਸੰਭਾਲ ਕਰਦੀ ਹੈ, ਪਰ ਭਾਈ ਘਨਈਆ ਤਾਂ ਆਪਣੇ ਗੁਰੂ 'ਤੇ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਹਮਲਾ ਕਰਨ ਵਾਲੇ ਫਟੱੜ ਸਿਪਾਹੀਆਂ ਦੀ ਸੇਵਾ-ਸੰਭਾਲ ਵੀ ਕਰਦਾ ਸੀ। ਇਹ ਹੈ ਗੁਰਮਤਿ ਦੀ ਨਵੇਕਲੀ ਫ਼ਿਲਾਸਫ਼ੀ, ਹਮਲਾ ਕਰਨ ਵਾਲਾ ਜ਼ਖ਼ਮੀ ਹੋ ਜਾਣ 'ਤੇ ਦੁਸ਼ਮਣ ਨਹੀਂ ਰਹਿੰਦਾ, ਸਗੋਂ ਸੇਵਾ ਸੰਭਾਲ ਦਾ ਪਾਤਰ ਬਣ ਜਾਂਦਾ ਹੈ।

ਕਿਹੜਾ ਜ਼ੁਲਮ ਤੇ ਜੱਬਰ ਸੀ, ਜਿਹੜਾ ਸਿੱਖਾਂ 'ਤੇ ਨਹੀਂ ਸੀ ਢਾਹਿਆ ਗਿਆ। 'ਕੇਸਨ ਵਾਲ ਛੱਡੋ ਨ ਕੋਊ' ਮੁਤਾਬਕ ਸਿੱਖ ਸੂਰਤ ਨੂੰ ਮਿਟਾ ਦੇਣ ਲਈ ਚੌਹੀਂ ਪਾਸੀਂ ਸ਼ਾਹੀ ਲਸ਼ਕਰ ਚਾੜ੍ਹੇ ਜਾਂਦੇ ਰਹੇ। ਜ਼ਕਰੀਆ ਖਾਂ ਦੇ ਦੀਵਾਨ ਲਖਪਤ ਰਾਏ ਨੇ ਗੁਰਬਾਣੀ ਦੀ ਪੋਥੀ ਰੱਖਣ ਵਾਲੇ ਦਾ ਪੇਟ ਚਾਕ ਕਰ ਸੁੱਟਣ ਅਤੇ ਗੁੜ ਨੂੰ ਰੋੜੀ ਕਹਿਣ ਦੇ ਹੁਕਮ ਜਾਰੀ ਕੀਤੇ ਸਨ ਕਿਉਂਕਿ ਗੁੜ ਕਹਿਣ ਤੋਂ (ਸਿੱਖ ਗੁਰੂ ਸਾਹਿਬਾਨ) ਯਾਦ ਆ ਸਕਦਾ ਸੀ।

ਪੱਤਾ ਪੱਤਾ ਸਿੱਖਾਂ ਦਾ ਵੈਰੀ ਸੀ, ਨਾ ਕੋਈ ਇਲਾਕਾ, ਨਾ ਰਿਆਸਤ, ਨਾ ਖ਼ਜ਼ਾਨੇ, ਕੋਈ ਠਾਹਰ ਨਹੀ ਸੀ, ਕੋਈ ਸਹਾਇਤਾ ਨਹੀਂ ਸੀ ਕਿਸੇ ਪਾਸਿਓਂ, ਕੋਈ ਮਿੱਤਰ ਨਹੀਂ ਸੀ, ਮੁਸਲਮਾਨ ਤਾਂ ਵੈਰੀ ਸਨ ਹੀ, ਪਰ ਹਿੰਦੂ ਉਹਨਾਂ ਨਾਲੋਂ ਵੀ ਜ਼ਿਆਦਾ ਖਤਰਨਾਕ ਵੈਰੀ ਬਣੇ ਰਹੇ। ਅਜਿਹੀਆਂ ਡਰਾਉਣੀਆਂ ਹਾਲਤਾਂ 'ਚ ਜਿਸ ਕੌਮ ਨੇ ਅਟਕ ਤੋਂ ਲੈਕੇ ਸਹਾਰਨਪੁਰ ਤਕ, ਮੁਲਤਾਨ ਤੇ ਸਿੰਧ ਤੋਂ ਲੈਕੇ ਕਾਂਗੜੇ ਜੰਮੂ ਤੇ ਭਿੰਬਰ ਤਕ ਆਪਣਾ ਸਿੱਕਾ ਜਮਾਇਆ ਸੀ।

ਜਿਸ ਖਾਲਸੇ ਨੇ ਪਹਿਲੀ ਵਾਰ ਅਫ਼ਗ਼ਾਨਾਂ ਨੂੰ ਸਦਾ ਲਈ ਪੰਜਾਬ 'ਚੋਂ ਬਾਹਰ ਕੱਢ ਮਾਰਿਆ ਸੀ ਅਤੇ ਪੰਜਾਬੀਆਂ ਨੂੰ ਰੋਜ਼ ਰੋਜ਼ ਦੀਆਂ ਲੁੱਟਾਂ ਤੋਂ ਸਦਾ ਲਈ ਛੁਟਕਾਰਾ ਦਿਵਾਇਆ ਸੀ, ਜਿਸ ਖਾਲਸੇ ਨੇ ਦੋ ਸ਼ਕਤੀਸ਼ਾਲੀ ਹਕੂਮਤਾਂ ਦਾ ਬਿਸਤਰਾ ਗੋਲ ਕੀਤਾ ਸੀ। ਸ਼ਕਤੀਸ਼ਾਲੀ ਮੁਗ਼ਲ ਸ਼ਾਹੀ ਦਾ ਅਤੇ ਅਫ਼ਗ਼ਾਨੀ ਹਕੂਮਤ ਦਾ।

ਜਿਹੜਾ ਅਬਦਾਲੀ ਆਪਣੀ ਤਲਵਾਰ ਦੇ ਬਲ ਬੋਤੇ ਨਾਲ ਦੁਰਾਨੀ ਸਲਤਨਤ ਦਾ ਵਾਰਿਸ ਬਣਿਆ ਅਤੇ ਅਫ਼ਗ਼ਾਨਿਸਤਾਨ ਦਾ ਵਾਹਿਦ ਮਾਲਕ ਬਣਿਆ ਸੀ, ਕਿਹੜੀ ਤਾਕਤ ਅਤੇ ਕਿਹੜੀ ਬਹਾਦਰੀ ਹੈ ਜਿਹੜੀ ਅਹਿਮਦ ਸ਼ਾਹ ਅਬਦਾਲੀ ਦੇ ਜਰਨੈਲਾਂ ਤੇ ਸਿਪਾਹੀਆਂ ਨੇ ਨਹੀ ਸੀ ਵਿਖਾਈ? ਅਬਦਾਲੀ ਦੀ ਜਿਸ ਯੁੱਧ ਪ੍ਰਬੀਨਤਾ ਨੇ ਮੁਗ਼ਲ ਹਕੂਮਤ ਨੂੰ ਮਸਲ ਕੇ ਰੱਖ ਦਿੱਤਾ ਸੀ, ਜਿਸ ਅਬਦਾਲੀ ਨੇ ਮਰਹੱਟਾ ਸ਼ਕਤੀ ਦਾ ਕਚੂਮਰ ਕੱਢ ਕੇ ਰੱਖ ਦਿੱਤਾ ਸੀ, ਉਹ ਅਫ਼ਗ਼ਾਨੀ ਸ਼ੇਰ ਹਿੰਦੁਸਤਾਨ ਦੇ ਮੁਸਲਿਮ ਹਾਕਮਾਂ ਦੀ ਭਰਵੀਂ ਮਦਦ ਦੇ ਬਾਵਜੂਦ ਪੰਜਾਹ ਕੁ ਹਜ਼ਾਰ ਤੋਂ ਵੀ ਘੱਟ ਬੇਸਾਜ਼ੋ ਸਾਮਾਨ ਖਾਲਸੇ ਅੱਗੇ ਜ਼ਿੱਲਤ ਭਰੀ ਮਾਯੂਸੀ ਵਾਲੀ ਹਾਰ ਕਿਵੇਂ ਮੰਨ ਗਿਆ ਸੀ?

ਕੁਝ ਇਤਿਹਾਸਕਾਰਾਂ ਨੂੰ ਖਾਲਸੇ ਦੀ ਇਸ ਅਣਕਿਆਸੀ ਜਿੱਤ 'ਤੇ ਹੈਰਾਨੀ ਹੁੰਦੀ ਹੈ ਕਿ ਅਣਮਿਣਵੇਂ ਵਸੀਲਿਆਂ ਵਾਲੀ ਸ਼ਕਤੀਸ਼ਾਲੀ ਮੁਗ਼ਲ ਹਕੂਮਤ ਅਤੇ ਏਸ਼ੀਆ ਦੇ ਮਹਾਨ ਜੇਤੂ ਜਰਨੈਲ ਅਹਿਮਦ ਸ਼ਾਹ ਅਬਦਾਲੀ ਤੋਂ ਭੁੱਖੇ-ਨੰਗੇ ਕੁਝ ਹਜ਼ਾਰ ਸਿੱਖ ਕਿਉਂ ਨਹੀ ਕੁਚਲੇ ਜਾ ਸਕੇ? ਸਿੱਖੀ ਤੋਂ

ਨਾਵਾਕਫ਼ ਉਨ੍ਹਾਂ ਇਤਿਹਾਸਕਾਰਾਂ ਨੂੰ ਕੀ ਪਤਾ ਕਿ ਉਹ ਅਲੌਕਿਕ ਸ਼ਕਤੀ ਖੰਡੇ ਬਾਟੇ ਦੇ ਅੰਮ੍ਰਿਤ ਅਤੇ ਰਹਿਤਮਈ ਖਾਲਸਈ ਕਿਰਦਾਰ ਦੀ ਹੀ ਸੀ

ਜਿਹੜਾ ਖ਼ਾਲਸਾ ਆਰਿਆਂ ਥੱਲੇ, ਚਰਖੜੀਆਂ ਉਤੇ, ਤੀਰਾਂ, ਤਲਵਾਰਾਂ ਤੇ ਗੋਲੀਆਂ ਸਾਹਮਣੇ ਆਪਣੀਆਂ ਸ਼ਾਨਦਾਰ ਰਵਾਇਤਾਂ ਬਰਕਰਾਰ ਰੱਖ ਸਕਿਆ ਹੈ, ਅੱਜ ਉਸੇ ਖ਼ਾਲਸੇ ਨੂੰ ਲਾਲਚ ਤੇ ਸੁਆਰਥ ਨਕੇਲ ਪਾਈ ਫਿਰਦੇ ਹਨ। ਜਿਸ ਖ਼ਾਲਸੇ ਨੇ ਕਦੀ ਨਵਾਬੀਆਂ ਨੂੰ ਠੋਕਰਾਂ ਮਾਰੀਆਂ ਸਨ, ਅੱਜ ਉਹੀ ਖ਼ਾਲਸਾ ਵਜ਼ੀਰੀਆਂ ਤੇ ਪਦਵੀਆਂ ਖ਼ਾਤਰ ਆਪਣਾ ਧਰਮ, ਆਪਣੀ ਅਣਖ ਤੇ ਗ਼ੈਰਤ ਸਭ ਕੁਝ ਦਾਅ 'ਤੇ ਲਾਈ ਬੈਠਾ ਹੈ? ਕਿਉਂ?

ਕਿਉਂਕਿ ਅੱਜ ਸਿਖ ਕੌਮ ਅੰਦਰ ਪਾਖੰਡ ਪ੍ਰਧਾਨ ਹੈ ਹਰ ਪਾਸੇ। ਖ਼ਾਲਸਾ ਆਪਣੇ ਮੂਲ ਨਾਲੋਂ ਟੁੱਟ ਚੁੱਕਾ ਹੈ ਅਤੇ ਬਿਪ੍ਰਵਾਦ ਵਿੱਚ ਖਚਤ ਹੋਕੇ ਗੁਰੂ ਦੇ ਹੁਕਮਾਂ ਨੂੰ ਲਤਾੜ ਰਿਹਾ ਹੈ। ਖ਼ੁਆਰ ਤਾਂ ਹੋਣਾ ਹੀ ਹੈ। ਨਾ ਇਸ ਕੋਲ ਭਗਤੀ ਰਹਿ ਗਈ ਹੈ ਅਤੇ ਨਾ ਹੀ ਸ਼ਕਤੀ। ਭੇਖੀ ਬਾਣਾ ਪ੍ਰਧਾਨ ਹੈ ਹਰ ਪਾਸੇ। ਬਾਣੀ ਤੇ ਬਾਣਾ ਹੈ ਪਰ ਕਮਾਈ ਦਾ ਨਾਂ ਨਿਸ਼ਾਨ ਨਹੀਂ। ਪਾਖੰਡ, ਸੁਆਰਥ ਅਤੇ ਭੇਖ ਦੇ ਪਰਦਿਆਂ ਥੱਲੇ ਸਿਖੀ ਜੀਵਨ ਅਲੋਪ ਹੋ ਚੁੱਕਾ ਹੈ। ਕਥਨੀ ਬਹੁਤ ਹੈ ਪਰ ਕਰਨੀ ਬਿਲਕੁਲ ਹੈ ਹੀ ਨਹੀਂ। ਸ਼ਕਲ ਸ਼ੇਰਾਂ ਦੀ ਜ਼ਰੂਰ ਹੈ ਪਰ ਸੋਚਣੀ ਤੇ ਦਿਲ ਗਿੱਦੜਾਂ ਨਾਲੋਂ ਵੀ ਘਟੀਆ। ਕਕਾਰਾਂ ਦਾ ਧਾਰਨੀ ਹੈ ਅਤੇ ਗਿਣਤੀ ਪੂਰੀ ਕਰਨ ਲਈ ਭਾਵੇਂ ਇੱਕ ਇੰਚ ਦੀ ਕ੍ਰਿਪਾਨ ਕੰਘੇ ਨਾਲ ਹੀ ਕਿਉਂ ਨਾ ਚਿਪਕਾਣੀ ਪਵੇ। ਖ਼ਾਲਸੇ ਦੇ ਮਸੰਦ ਜਥੇਦਾਰ ਲਿਸ਼ਕਦੇ ਮਿਆਨਾਂ ਵਾਲੀਆਂ ਸਿਰੀ ਸਾਹਿਬਾਂ ਤਾਂ ਚੁੱਕੀ ਫਿਰਦੇ ਹਨ ਪਰ ਨਾ ਵਰਤਣੀ ਆਉਂਦੀ ਹੈ ਅਤੇ ਨਾ ਹੀ ਵਰਤਣ ਦੀ ਹਿੰਮਤ ਹੀ ਹੈ। ਅੱਜ ਖ਼ਾਲਸੇ ਦੀ ਸਿਰੀ ਸਾਹਿਬ ਕਮਜ਼ੋਰ ਦੀ ਰਖਿਅਕ ਨਹੀਂ, ਸਗੋਂ ਵਿਖਾਵੇ ਦਾ ਇੱਕ ਚਿੰਨ੍ਹ ਬਣ ਚੁੱਕੀ ਹੈ। ਦੂਜਿਆਂ ਦੀਆਂ ਧੀਆਂ ਭੈਣਾਂ ਦੀ ਪਤ ਬਚਾਉਣ ਵਾਲੇ ਖ਼ਾਲਸੇ ਦੀਆਂ ਤਲਵਾਰਾਂ ਅੱਜ ਆਪਣੀਆਂ ਧੀਆਂ-ਭੈਣਾਂ ਦੀ ਪਤ ਬਚਾਉਣ ਦੇ ਅਸਮਰਥ ਹਨ।

ਸਿਖ ਕੌਮ ਸੰਸਾਰ ਦੀ ਇੱਕੋ ਇਕ ਕੌਮ ਹੈ, ਜਿਸ ਕੋਲ ਯੋਗਤਾ ਗੁਣ, ਸੇਵਾ, ਕੁਰਬਾਨੀ ਅਤੇ ਨਿਸ਼ਕਾਮਤਾ ਦੇ ਆਧਾਰ 'ਤੇ ਆਗੂ ਚੋਣ ਕਰਨ ਦਾ ਸ਼ਾਨਦਾਰ ਵਿਰਸਾ ਵੀ ਹੈ ਅਤੇ ਜਿਸ ਨੂੰ ਆਗੂ ਚੋਣ ਕਰਨ ਦੀ ਅਮਲੀ ਟਰੇਨਿੰਗ ਵੀ ਮਿਲ ਚੁੱਕੀ ਹੈ। ਸਿਖ ਕੌਮ ਹੀ ਦੁਨੀਆ ਦੀ ਅਜਿਹੀ ਅਵੇਸਲੀ ਕੌਮ ਹੈ, ਜਿਹੜੀ ਆਪਣੇ ਇਸ ਸ਼ਾਨਦਾਰ ਵਿਰਸੇ ਨੂੰ ਪਿੱਠ ਦੇਈ ਬੈਠੀ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈਕੇ ਰਣਜੀਤ ਸਿੰਘ ਦੇ ਰਾਜ ਕਾਇਮ ਹੋਣ ਤਕ ਸਿਖੀ ਦੇ ਬੂਟੇ ਲਈ ਹਮੇਸ਼ਾ ਯੋਗ ਗੁਣਾਂ ਵਾਲੇ ਮਾਲੀ ਦੀ ਚੋਣ ਹੁੰਦੀ ਰਹੀ। ਉਚੇ ਤੇ ਸੁੱਚੇ ਜੀਵਨ ਅਤੇ ਕੁਰਬਾਨੀ ਕਰਨ ਵਾਲੇ ਨਿਸ਼ਕਾਮ ਆਗੂ ਹੀ ਕੌਮ ਦੀ ਅਗਵਾਈ ਕਰਦੇ ਰਹੇ। ਸਿਖ ਕੌਮ ਗੁਰੂ ਦੇ ਦੱਸੇ ਰਾਹਾਂ 'ਤੇ ਚੱਲਦੀ ਰਹੀ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀ ਰਹੀ। ਆਗੂ ਉਹ ਬਣਦੇ ਰਹੇ, ਜਿਹੜੇ ਸਿਖੀ ਜੀਵਨ ਵਾਲੇ ਸਨ, ਕਹਿਣੀ ਤੇ ਕਰਨੀ ਦੇ

ਸੰਤੁਲਨ ਵਾਲੇ ਸਨ ਅਤੇ ਸਿੱਖੀ ਜੀਵਨ ਦਾ ਨਮੂਨਾ ਬਣਕੇ ਦੂਜਿਆਂ ਨੂੰ ਪ੍ਰੇਰਨਾ ਦੇਂਦੇ ਰਹੇ। ਇਸ ਦੇ ਬਿਲਕੁਲ ਉਲਟ ਪਿਛਲੇ ਸੱਤ ਦਹਾਕਿਆਂ ਤੋਂ ਸਾਡੀ ਲੀਡਰਸ਼ਿਪ ਨੇ ਆਪਣੀਆਂ ਜ਼ਮੀਰਾਂ ਵੇਚਕੇ,ਗ਼ੁਲਾਮੀ ਕਬੂਲੀ ਹੋਈ ਹੈ। ਨਾ ਇਹਨਾਂ ਨੂੰ ਸਿੱਖ ਧਰਮ ਨਾਲ ਪਿਆਰ ਹੈ,ਨਾ ਪੰਥ ਨਾਲ ਕੋਈ ਸਨੇਹ ਹੈ ਅਤੇ ਨਾ ਹੀ ਕੌਮੀ ਗੌਰਵ ਦਾ ਹੀ ਕੋਈ ਅਹਿਸਾਸ ਹੈ। ਪੰਥ ਦੇ ਨਾਂ 'ਤੇ ਆਪਣੀਆਂ ਲੀਡਰੀਆਂ,ਵਜ਼ੀਰੀਆਂ ਤੇ ਚੌਧਰਾਂ ਕਾਇਮ ਕਰਨੀਆਂ ਇਹਨਾਂ ਦਾ ਪੇਸ਼ਾ ਬਣ ਚੁੱਕਾ ਹੈ।

ਜਿਸ ਕੌਮ ਅੰਦਰ ਮਨੁੱਖੀ ਗੁਣਾਂ ਨਾਲੋਂ ਧਨ ਦੀ ਕਦਰ ਵੱਧ ਹੋਣ ਲੱਗ ਪਏ,ਗੁਣਵਾਨ ਦੀ ਥਾਂ ਧਨਵਾਨ ਨੂੰ ਆਗੂ ਬਨਾਣਾ ਸ਼ੁਰੂ ਹੋ ਜਾਏ,ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਕੌਮ ਦੇ ਸਦਾਚਾਰਕ-ਜੀਵਨ ਵਿੱਚ ਪਤਨ ਆ ਚੁੱਕਾ ਹੈ। ਸਦਾਚਾਰਕ ਜੀਵਨ ਵਿੱਚ ਪਤਨ ਉਦੋਂ ਆਉਂਦਾ ਹੈ,ਜਦੋਂ ਧਾਰਮਿਕ ਜੀਵਨ ਵਿੱਚ ਪਤਨ ਆ ਜਾਂਦਾ ਹੈ ਅਤੇ ਸੁਆਰਥ ਮਨੁੱਖ ਦਾ ਧਰਮ ਬਣ ਜਾਂਦਾ ਹੈ,ਜਿਹੜਾ ਮਨੁੱਖ ਨੂੰ ਨਕੇਲ ਪਾਈ ਜਿਧਰ ਚਾਹੁੰਦਾ ਹੈ,ਖਿਚੀ ਫਿਰਦਾ ਹੈ। ਜਿਥੇ ਮਾਇਆ ਪ੍ਰਧਾਨ ਹੈ,ਉਥੇ ਹਉਮੈਂ ਪ੍ਰਧਾਨ ਬਣ ਜਾਂਦੀ ਹੈ। ਜਿਥੇ ਹਉਮੈਂ ਪ੍ਰਧਾਨ ਹੈ,ਉਥੇ ਮਨਮਤ ਦਾ ਰਾਜ ਬਣ ਜਾਂਦਾ ਹੈ। ਮਨਮਤ,ਮਾਇਆ,ਅਧਿਕਾਰ ਤੇ ਅਖ਼ਤਿਆਰ ਹੀ ਮਨੁੱਖ ਨੂੰ ਡੇਗਣ ਦਾ ਕਾਰਨ ਬਣਦੇ ਹਨ।

ਜਦ ਗੁਣਵਾਨ ਦੀ ਥਾਂ ਧਨਵਾਨ ਸੰਭਾਲ ਲੈਂਦੇ ਹਨ,ਤਾਂ ਧਨਵਾਨਾਂ ਦੀ ਮੰਡੀ ਵਿੱਚ ਤਾਂ ਸਭ ਕੁਝ ਵਿਕਦਾ ਹੈ, ਮਨੁੱਖ ਵਿਕਦਾ ਹੈ,ਦੀਨ-ਈਮਾਨ ਵਿਕਦੇ ਹਨ,ਜ਼ਮੀਰਾਂ ਵਿਕਦੀਆਂ ਹਨ,ਇੱਜ਼ਤ-ਆਬਰੂ ਵਿਕਦੀ ਹੈ,ਅਸਮਤਾਂ ਵਿਕਦੀਆਂ ਹਨ ਅਤੇ ਕੌਮਾਂ ਵਿਕਦੀਆਂ ਹਨ। ਧਨ ਇੱਕਠਾ ਕਰਨ ਲਈ ਕੌਮਾਂ ਨੂੰ ਸ਼ਰਾਬੀ ਤਕ ਬਣਾ ਦਿੱਤਾ ਜਾਂਦਾ ਹੈ।

## ਕੌਮਾਂ ਨੂੰ ਤਬਾਹ ਕਰਨ ਲਈ ਨਸ਼ਿਆਂ ਦਾ ਹਥਿਆਰ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਤਲਵਾਰ 'ਚੋਂ ਕੌਮਾਂ ਪੈਦਾ ਹੁੰਦੀਆਂ ਹਨ ਅਤੇ ਸ਼ਰਾਬ ਦੇ ਪਿਆਲੇ 'ਚ ਡੁਬਦੀਆਂ ਨੇ। ਜੇ ਕਿਸੇ ਵੱਡੀ ਤੋਂ ਵੱਡੀ ਕੌਮ ਨੂੰ ਵੀ ਗ਼ੁਲਾਮ ਬਣਾਉਣਾ ਹੋਵੇ,ਤਾਂ ਉਸ ਕੌਮ ਦੇ ਲੋਕਾਂ ਵਿੱਚ ਨਸ਼ਿਆਂ ਦੀ ਬਿਮਾਰੀ ਵਾੜ ਕੇ ਉਹਨਾਂ ਨੂੰ ਸਰੀਰਕ ਤੇ ਮਾਨਸਿਕ ਪੱਖੋਂ ਕਮਜ਼ੋਰ ਕਰ ਦਿੱਓ,ਉਹ ਕੌਮ ਹੌਲੀ ਹੌਲੀ ਆਪਣੀ ਮੌਤੇ ਆਪ ਮਰ ਜਾਏਗੀ। ਆਮ ਤੌਰ ਤੇ ਹਾਕਮ ਕੌਮਾਂ ਵਿਰੋਧੀ ਕੌਮਾਂ ਨੂੰ ਖਤਮ ਕਰਨ ਲਈ ਨਸ਼ਿਆਂ ਦਾ ਹਥਿਆਰ ਵਰਤਦੀਆਂ ਆਈਆਂ ਹਨ।

ਗੋਰਿਆਂ ਵਲੋਂ ਅਮਰੀਕਾ ਦੇ ਮੂਲ ਨਿਵਾਸੀ 'ਬਹਾਦਰ ਰੈਡ ਇੰਡੀਅਨ' ਦੇ ਗੌਰਵ ਨੂੰ ਸ਼ਰਾਬ ਦੇ ਹੜ੍ਹ 'ਚ ਹੀ ਰੋੜ੍ਹਿਆ ਗਿਆ। ਉਸ ਬਹਾਦਰ ਕੌਮ

ਦੀ ਬਹਾਦਰੀ ਦੀ ਹੋਂਦ ਖਤਮ ਹੋ ਗਈ ਹੈ। ਅੱਜ ਉਨ੍ਹਾਂ ਦੀ ਬਹਾਦਰੀ ਅਜਾਇਬ ਘਰਾਂ 'ਚ ਚਿਤਰੀ ਵੇਖੀ ਜਾ ਸਕਦੀ ਹੈ ਜਾਂ ਕਦੀ ਕਦਾਈਂ ਉਹ ਆਪਣੇ ਸਿਰਾਂ 'ਤੇ ਮੋਰ ਦੇ ਖੰਭ ਟੁੰਗ ਕੇ, ਨੱਚ-ਟੱਪ ਕੇ, ਆਪਣੀ ਜੇਤੂ ਹਾਕਮ ਕੌਮ ਦੇ ਮਨੋਰੰਜਨ ਦਾ ਵਸੀਲਾ ਬਣਦੇ ਵੇਖੇ ਜਾ ਸਕਦੇ ਹਨ। ਅਸਟਰੇਲੀਆ ਦੇ ਮੂਲ ਨਿਵਾਸੀ 'ਐਬੋਰਿਜਨਾਂ' ਦਾ ਵੀ ਗੋਰਿਆਂ ਨੇ ਇਹੋ ਹਸ਼ਰ ਕੀਤਾ।

ਆਇਰਲੈਂਡ ਦੇ ਲੋਕਾਂ ਦੀ ਅਜ਼ਾਦੀ ਦੀ ਭਾਵਨਾ ਨੂੰ ਦਬਾਉਣ ਲਈ ਬ੍ਰਿਟਿਨ ਵਲੋਂ ਉਨ੍ਹਾਂ ਨੂੰ ਸ਼ਰਾਬੀਆਂ ਦੀ ਕੌਮ ਬਣਾਉਣ ਲਈ ਆਇਰਲੈਂਡ ਵਿੱਚ ਸ਼ਰਾਬ ਦੀਆਂ ਡਿਸਟਿਲਰੀਆਂ (ਭੱਠੀਆਂ) ਲਗਾ ਦਿੱਤੀਆਂ ਗਈਆਂ ਸਨ। ਆਇਰਲੈਂਡ ਦਾ ਇਕ ਹਿਸਾ ਭਾਵੇਂ ਅੱਜ ਇਕ ਅਜ਼ਾਦ ਦੇਸ਼ ਹੈ ਅਤੇ ਨਾਰਦਰਨ ਆਇਰਲੈਂਡ ਬ੍ਰਿਟਿਸ਼ ਨਾਲ ਜੁੜਿਆ ਹੋਇਆ ਹੈ, ਪਰ ਦੁਨੀਆ ਭਰ 'ਚ ਅੱਜ ਤੀਕ ਆਇਰਿਸ਼ ਲੋਕ ਸ਼ਰਾਬ ਬਹੁਤੀ ਪੀਣ ਵਜੋਂ ਬਦਨਾਮ ਹਨ।

ਜਪਾਨੀਆਂ ਨੇ ਚੀਨੀ ਲੋਕਾਂ ਨੂੰ, ਰੂਸ ਨੇ ਮੰਗੋਲੀਅਨ ਲੋਕਾਂ ਨੂੰ, ਅੰਗਰੇਜ਼ਾਂ ਨੇ ਵੀ ਸੰਸਾਰ ਦੀਆਂ ਬਹੁਤ ਸਾਰੀਆਂ ਕੌਮਾਂ ਨੂੰ ਇਸੇ ਹੀ ਹਥਿਆਰ ਨਾਲ ਗੁਲਾਮ ਬਣਾਈ ਰੱਖਿਆ ਸੀ। ਚੀਨ ਨੂੰ ਗ਼ੁਲਾਮ ਰੱਖਣ ਲਈ ਗੋਰਿਆਂ ਨੇ ਵੀ ਚੀਨੀਆਂ ਨੂੰ ਅਫੀਮਚੀ ਬਣਾਇਆ ਸੀ। (ਇਸ ਸਬੰਧ ਵਿੱਚ ਚੀਨ ਨਾਲ ਲੜੀਆਂ ਗਈਆਂ ਗੋਰਿਆਂ ਦੀਆਂ ਉਹ ਜੰਗਾਂ ਅਫ਼ੀਮ ਜੰਗਾਂ ਕਰਕੇ ਮਸ਼ਹੂਰ ਹਨ।) 1948 ਦੇ ਚੀਨੀ ਇਨਕਲਾਬ ਮਗਰੋਂ ਅਫ਼ੀਮ ਨੂੰ ਦੇਸ਼ ਵਿੱਚੋਂ ਕੱਢ ਕੇ ਹੀ ਚੀਨ ਸੰਸਾਰ ਦਾ ਸ਼ਕਤੀਸ਼ਾਲੀ ਮੁਲਕ ਬਣ ਸਕਿਆ।

ਇਵੇਂ ਹੀ ਕਿਹਾ ਜਾਂਦਾ ਹੈ ਕਿ 1960ਵਿਆਂ ਵਿੱਚ ਅਮਰੀਕਾ ਦੇ ਕਾਲਿਆਂ ਵਿੱਚ ਮਨੁੱਖੀ ਅਧਿਕਾਰਾਂ ਦੀ ਆਈ ਜਾਗਰਤੀ ਲਹਿਰ ਨੂੰ ਕੁਰਾਹੇ ਪਾਉਣ ਲਈ ਡਰੱਗਜ਼ (ਨਸੀਲੀਆਂ ਵਸਤਾਂ) ਦਾ ਯੋਜਨਾਬੱਧ ਤਰੀਕੇ ਨਾਲ ਕਾਲਿਆਂ ਦੇ ਇਲਾਕਿਆਂ ਵਿੱਚ ਪ੍ਰਸਾਰ ਕੀਤਾ ਗਿਆ। ਇਹ ਇਕ ਵੱਖਰੀ ਗੱਲ ਹੈ ਕਿ ਕਾਲਿਆਂ ਨੂੰ ਖਤਮ ਕਰਨ ਲਈ ਲਿਆਂਦੀਆਂ ਗਈਆਂ ਡਰੱਗਜ਼ ਦਾ ਸ਼ਿਕਾਰ ਅੱਜ ਸਭ ਨਸਲਾਂ-ਕੌਮਾਂ-ਧਰਮਾਂ ਦੇ ਬੱਚੇ ਹੋ ਰਹੇ ਹਨ।

ਇਵੇਂ ਹੀ 1849 'ਚ ਖਾਲਸਾ ਰਾਜ ਹੜੱਪਣ ਮਗਰੋਂ ਫਰੰਗੀਆਂ ਨੇ ਇਹੀ ਫਾਰਮੂਲਾ ਸਿੱਖ ਫੌਜੀਆਂ ਤੇ ਵਰਤ ਕੇ ਆਮ ਸਿੱਖਾਂ ਅੰਦਰ ਸ਼ਰਾਬ ਤੇ ਅਫੀਮ ਦਾ ਚਸਕਾ ਵਾੜਿਆ, ਪ੍ਰਸਾਰਿਆ ਅਤੇ ਉਤੇਜਤ ਕੀਤਾ। ਉਨ੍ਹਾਂ ਅਣਖੀ ਨਿਹੰਗ ਸਿੰਘਾਂ ਨੂੰ ਚੁਣ ਚੁਣ ਕੇ ਮਾਰ ਮੁਕਾਇਆ ਅਤੇ ਰਹਿੰਦੇ-ਖੂੰਹਦਿਆਂ ਨੂੰ ਅਫੀਮਚੀ ਤੇ ਭੰਗ ਪੋਸਤ ਦੇ ਰਾਹੇ ਪਾਇਆ, ਜਿਨ੍ਹਾਂ ਦੀ ਬਹੁਗਿਣਤੀ ਅਜੇ ਤਕ ਉਨ੍ਹਾਂ ਰਾਹਾਂ ਤੇ ਤੁਰੀ ਜਾ ਰਹੀ ਹੈ। ਅਜ਼ਾਦੀ ਮਿਲਦਿਆਂ ਹੀ ਭਾਰਤੀ ਹਾਕਮ ਜਮਾਤ ਨੇ ਉਨ੍ਹਾਂ ਹੀ ਲੀਹਾਂ 'ਤੇ ਚਲਦਿਆਂ ਪੰਜਾਬ ਅੰਦਰ ਸ਼ਰਾਬ ਦੇ ਠੇਕਿਆਂ ਦਾ ਜਾਲ ਵਿਛਾਣਾ ਆਰੰਭ ਦਿੱਤਾ ਸੀ ਜਿਸ ਨੂੰ ਅੱਜ ਤੀਕ ਹਰ ਚੜ੍ਹਦੀ ਸਵੇਰ ਨਾਲ ਫੈਲਾਇਆ ਜਾ ਰਿਹਾ ਹੈ। ਅੱਜ ਪੱਛਮੀ ਲੋਕ ਤਾਂ ਸ਼ਰਾਬ ਤੇ ਤੰਬਾਕੂਨੋਸ਼ੀ ਦੀ ਦਲਦਲ 'ਚੋਂ ਨਿਕਲਣ ਲਈ ਤਰਲੋਮੱਛੀ ਹੋ ਰਹੇ



Sri Satguru Jagjit Singh Ji eLibrary NamdhariElibrary@gmail.com

ਹਨ, ਪਰ ਗੁਰੂ ਨਾਨਕ ਦੇ ਸਿੱਖਾਂ ਨੂੰ ਆਪਣੇ ਹੀ ਜਥੇਦਾਰਾਂ ਵਲੋਂ ਉਸ ਭੱਠੀ 'ਚ ਵੱਧ ਚੜ੍ਹ ਕੇ ਛਾਲਾ ਮਾਰਨ ਲਈ ਉਤੇਜਤ ਕੀਤਾ ਜਾ ਰਿਹਾ ਹੈ।

ਬੜੀ ਸੋਚੀ ਸਮਝੀ ਸਕੀਮ ਅਧੀਨ ਸਿੱਖ ਕੌਮ ਨੂੰ ਸ਼ਰਾਬੀਆਂ ਤੇ ਅਫੀਮਚੀਆਂ ਦੀ ਕੌਮ ਬਣਾਇਆ ਜਾ ਰਿਹਾ ਹੈ। ਸਿੱਖ ਬੱਚੇ, ਨੌਜਵਾਨ ਅਤੇ ਬੁੱਢੇ ਹੱਡ-ਭੰਨਵੀਂ ਮਿਹਨਤ ਦੇ ਪੈਸੇ ਦੇਕੇ ਮੌਤ ਖਰੀਦ ਰਹੇ ਹਨ। ਇਹ ਹੈ ਚਾਣਕੀਆ ਨੀਤੀ ਦਾ ਕਮਾਲ। ਅਗਲਾ ਪੈਸੇ ਵੀ ਦੇਵੇ ਅਤੇ ਆਪਣੀ ਮੌਤ ਦੇ ਵਰੰਟਾਂ 'ਤੇ ਆਪ ਦਸਤਖਤ ਕਰਕੇ ਮਰੇ ਵੀ ਆਪਣੇ ਆਪ। ਨਸ਼ੇਖੋਰ ਨੂੰ ਤਾਂ ਹਰ ਕੀਮਤ 'ਤੇ ਨਸ਼ਾ ਚਾਹੀਦਾ ਹੈ ਭਾਵੇਂ ਉਹ ਘਾਤਕ ਜ਼ਹਿਰ ਹੀ ਕਿਉਂ ਨਾ ਹੋਵੇ। ਪੰਜਾਬ ਦੇ ਕਿਸਾਨ ਕਰਜ਼ੇ ਥੱਲੇ ਦੱਬੇ ਪਏ ਹਨ। ਨਸ਼ੇ ਦੇ ਘੁਟ ਨਾਲ ਮਾਯੂਸ ਜ਼ਿੰਦਗੀ ਨੂੰ ਥਾਪੜਾ ਦੇਕੇ ਬਾਕੀ ਬਚਦੀ ਜ਼ਮੀਨ ਵੇਚਕੇ ਕੁਝ ਸ਼ਰਾਬਾਂ 'ਚ ਰੋੜ੍ਹ ਰਹੇ ਹਨ ਅਤੇ ਬਾਕੀ ਦੀ ਬਚੀ ਰਕਮ ਪ੍ਰਦੇਸਾਂ 'ਚ ਜਾਣ ਲਈ ਹਿੰਦੂ ਵਪਾਰੀਆਂ ਤੇ ਸਮੱਗਲਰਾਂ ਦੀਆਂ ਜੇਬਾਂ ਭਰਦੇ ਹਨ। ਸਿੱਖ ਪੰਜਾਬੋਂ ਬਾਹਰ ਧੱਕੇ ਖਾਣ ਲਈ ਤੁਰੀ ਜਾਂਦੇ ਹਨ ਅਤੇ ਯੂਪੀ ਬਿਹਾਰ ਦੇ ਭਈਏ ਪੰਜਾਬ ਦੇ ਵਾਸੀ ਬਣਕੇ ਮਾਲਕ ਬਣਦੇ ਜਾ ਰਹੇ ਹਨ। ਹੇੜਾਂ ਦੀਆਂ ਹੇੜਾਂ ਲਿਆਂਦੀਆਂ ਜਾ ਰਹੀਆਂ ਹਨ ਅਤੇ ਉਹਨਾਂ ਨੂੰ ਸਰਕਾਰੀ ਖਰਚੇ 'ਤੇ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ।

ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ 'ਚ ਸ਼ਰਾਬ, ਅਫੀਮ, ਐਲ. ਐਸ. ਡੀ., ਕੋਕੇਨ, ਹੈਰੋਇਨ ਆਦਿ ਦੇ ਢੇਰ ਹਮੇਸ਼ਾ ਲੱਗੇ ਰਹਿੰਦੇ ਹਨ। ਸਿੱਟੇ ਵਜੋਂ ਸਿੱਖ ਨੌਜਵਾਨ ਪੀੜ੍ਹੀ ਪੂਰੀ ਤਰ੍ਹਾਂ ਨਸ਼ਿਆਂ ਦੀ ਗ੍ਰਿਫਤ 'ਚ ਆ ਚੁੱਕੀ ਹੈ। ਅਖੌਤੀ ਪੰਥਕ ਸਰਕਾਰ ਵਲੋਂ ਕਰੋੜਾਂ ਰੁਪਏ ਠੇਕਿਆਂ ਦੀ ਨੀਲਾਮੀ ਤੋਂ ਕਮਾਏ ਜਾਂਦੇ ਹਨ। ਠੇਕੇ ਆਪਣੇ ਰਿਸ਼ਤੇਦਾਰਾਂ ਨੂੰ ਵੰਡ ਕੇ ਫਿਰ ਉਹ ਲੋਕਾਂ ਨੂੰ ਨਸ਼ੇ ਵੇਚ ਕੇ ਲੁੱਟਦੇ ਹਨ। ਅੱਜ ਹਾਲਤ ਇਹ ਹੈ ਕਿ ਪਿੰਡ ਦੇ ਕਿਸੇ ਵੀ ਕਰਿਆਨਾ ਸਟੋਰ ਤੋਂ ਨਸ਼ੀਲੀਆਂ ਗੋਲੀਆਂ, ਕੈਪਸੂਲ, ਟੀਕੇ ਆਦਿ ਖਰੀਦੇ ਜਾ ਸਕਦੇ ਹਨ। ਸਿੱਖ ਜਵਾਨੀ ਦਾ ਘਾਣ ਕਰਨ ਦੇ ਇਵਜ਼ਾਨੇ ਵਜੋਂ ਬੇਰੋਕ ਇਹ ਧੰਦਾ ਕਰ ਰਹੇ ਹਨ। ਇਹ ਸਾਰਾ ਕੰਮ ਸਰਕਾਰ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ।

ਪਿਛਲੇ ਕੁਝ ਸਾਲਾਂ ਤੋਂ ਖੇਤੀ ਆਰਥਿਕਤਾ ਡਾਵਾਂਡੋਲ ਹੋਣ ਕਾਰਨ ਮਾਲਵਾ ਖੇਤਰ ਭੁੱਕੀ ਪੋਸਤ ਦੀ ਮਾਰ ਹੇਠਾਂ ਆ ਚੁੱਕਿਆ ਹੈ। ਜਿਸ ਪਿੰਡ ਜਾਓ, ਭੁੱਕੀ ਦੇ ਆਦੀ ਆਮ ਮਿਲਦੇ ਹਨ। ਸੂਬੇ ਦੀਆਂ ਚੋਣਾਂ ਸਮੇਂ ਸਣੇ ਹਾਕਮ ਜਮਾਤ ਦੇ ਸਾਰੀਆਂ ਪਾਰਟੀਆਂ ਭੁੱਕੀ ਸ਼ਰੇਆਮ ਵਰਤਦੀਆਂ ਹਨ। ਅਫ਼ੀਮ ਨਾਲੋਂ ਸਸਤੀ ਹੋਣ ਕਾਰਨ ਮਾਲਵੇ ਤੋਂ ਬਿਨਾਂ ਰਾਜ ਦੇ ਹੋਰਨਾਂ ਇਲਾਕਿਆਂ ਵਿੱਚ ਵੀ ਇਹ ਆਮ ਵਰਤੀ ਜਾਂਦੀ ਹੈ।

# ਪੰਥਕ ਸਰਕਾਰ ਤੇ ਹਰਿਆਣਾ ਸਰਕਾਰ

ਪੰਜਾਬ ਦੇ ਬਾਰਡਰ ਤੋਂ ਕੁਝ ਗਜ਼ਾਂ ਦੀ ਵਿੱਥ ਤੇ ਜਿੱਥੇ ਹਰਿਆਣਾ ਪ੍ਰਾਂਤ ਦੀ ਸਰਕਾਰ ਨੇ ਮੁਕੰਮਲ ਨਸ਼ਾਬੰਦੀ ਦੇ ਪ੍ਰੋਗਰਾਮ ਨੂੰ ਬੜੀ ਸਖਤੀ ਨਾਲ ਲਾਗੂ ਕਰਨ ਦਾ ਐਲਾਨ ਕੀਤਾ, ਉਥੇ ਬਾਦਲ ਦੀ ਪੰਥਕ ਸਰਕਾਰ ਦੇ ਖਜ਼ਾਨਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ 1997-98 ਦੇ ਮੁਕਾਬਲੇ 1998-1999 ਦੌਰਾਨ ਸ਼ਰਾਬ ਤੋਂ 200 ਕਰੋੜ ਰੁਪਏ ਵੱਧ ਆਮਦਨੀ ਹੋ ਜਾਣ ਦੀ ਟਾਹਰਾਂ ਮਾਰੀਆਂ। ਹੁਣ ਨਵੇਂ ਅੰਕੜੇ ਤਾਂ ਬਹੁਤ ਹੀ ਜ਼ਿਆਦਾ ਹੋਣਗੇ। ਉਦੋਂ 2300 ਦੇਸੀ ਸ਼ਰਾਬ ਦੇ ਠੇਕੇ ਅਤੇ 944 ਅੰਗਰੇਜ਼ੀ ਸ਼ਰਾਬ ਦੇ ਠੇਕੇ ਸਨ। ਅੱਜ ਸਿੱਖਾਂ ਨੂੰ ਸ਼ਰਾਬ ਦੇ ਸਮੁੰਦਰ 'ਚ ਅਤੇ ਸਿੱਖ ਧਰਮ ਨੂੰ ਹਿੰਦੂ ਮਹਾਂਸਾਗਰ 'ਚ ਡੋਬਿਆ ਜਾ ਰਿਹਾ ਹੈ ਸਭ ਕੁਝ ਧਨ ਦੇ ਅੰਬਾਰ ਉੱਚੇ ਕਰਨ ਲਈ। ਜੇ ਪੰਜਾਬ 'ਚ ਇਕ ਵਾਰ ਫੇਰ ਪ੍ਰਕਾਸ਼ ਸਿੰਘ ਬਾਦਲ ਦੀ ਪੰਥਕ ਵਜ਼ਾਰਤ ਬਣ ਗਈ, ਤਾਂ ਪੰਜਾਬ ਦੇ ਨਲਕਿਆਂ 'ਚੋਂ ਪਾਣੀ ਦੀ ਥਾਂ ਸ਼ਰਾਬ ਆਇਆ ਕਰੇਗੀ। ਪੰਜਾਬ 'ਚ ਦੁੱਧ ਦੀ ਬਜਾਏ ਸ਼ਰਾਬ ਦੀਆਂ ਨਦੀਆਂ ਵਹਿ ਤੁਰਨਗੀਆਂ।

# ਸ਼ਰਾਬ ਤੇ ਗੁਰਮਤਿ

ਸ਼ਰਾਬ ਨੂੰ 'ਸ਼ਰ + ਆਬ' 'ਸ਼ਰ' ਦਾ ਅਰਥ ਹੈ ਸ਼ਰਾਰਤ ਅਤੇ 'ਆਬ' ਦਾ ਅਰਥ ਹੈ ਪਾਣੀ, ਸ਼ਰਾਰਤ ਦਾ ਪਾਣੀ। 'ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥' ਦੇ ਗੁਰਮਤਿ ਫੁਰਮਾਨ ਅਨੁਸਾਰ ਸਿੱਖ ਧਰਮ 'ਚ ਸ਼ਰਾਬ ਪੀਣ ਦੀ ਸਖਤ ਮਨਾਹੀ ਹੈ। ਸ਼ਰਾਬ ਪੀਣ ਨਾਲ ਮਨੁੱਖ ਆਪਣੀ ਸੋਚ ਸ਼ਕਤੀ ਦਾ ਸਾਵਾਂਪਨ ਖੋਹ ਬੈਠਦਾ ਹੈ ਅਤੇ ਗੁਰਮਤਿ ਅਨੁਸਾਰ 'ਮਨ ਮਹਿ ਚਲਹਿ ਵਿਕਾਰ' ਦਾ ਦੌਰ ਆਰੰਭ ਹੋ ਜਾਂਦਾ ਹੈ। ਆਪਣੇ-ਪਰਾਏ ਅਤੇ ਚੰਗੇ-ਮੰਦੇ ਦੀ ਪਛਾਣ ਸ਼ਕਤੀ ਦਾ ਸੰਤੁਲਨ ਗਵਾਚ ਜਾਂਦਾ ਹੈ। ਇਸ ਤਰ੍ਹਾਂ ਸ਼ਰਾਬੀ ਨੂੰ 'ਬਹੁਤੇ ਖਟੀਅਹਿ ਬਿਕਾਰ' ਵਾਲਾ ਰਾਹ ਖਿਚਾਂ ਪਾਉਂਦਾ ਹੈ।

'ਇਤੁ ਮਦੁ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ॥ (ਪੰ:553 ਮ:1)' ਅਨੁਸਾਰ ਗੁਰੂ ਨਾਨਕ ਸਾਹਿਬ ਨੇ, ਸ਼ਰਾਬ ਜੇਹੀ ਮਨਹੂਸ ਵਸਤੂ ਜਿਸ ਦੀ ਵਰਤੋਂ ਨਾਲ ਹਰ ਪ੍ਰਕਾਰ ਦੇ ਵਿਕਾਰ ਪੈਦਾ ਹੁੰਦੇ ਹਨ, ਵਰਤਣ ਤੋਂ ਵਰਜਿਆ ਹੈ। ਆਪ ਜੀ '- - ਕਿਆ ਮਦਿ ਛੂਛੈ ਭਾਉ ਧਰੇ॥ (ਪੰ:360)' ਅਨੁਸਾਰ ਮਨੁੱਖ ਨੂੰ ਇਸ ਨਿਗੁਣੀ ਸ਼ਰਾਬ ਦੇ ਪੀਣ ਸਬੰਧੀ ਤਾੜਨਾ ਕਰਦੇ ਹਨ। 'ਬਿਖੁ ਖਾਣਾ, ਬਿਖੁ ਬੋਲਣਾ, ਬਿਖੁ ਕੀ ਕਾਰ ਕਮਾਇ॥ (ਪੰ:1330 ਮ:1)' ਮੁਤਾਬਕ ਆਪ ਜੀ ਸਮਝਾਉਂਦੇ ਹਨ ਕਿ ਬਿਖ ਵਾਲੇ ਅਪਵਿੱਤਰ ਭਾਵ ਤਾਮਸਿਕ ਭੋਜਨ



Sri Satguru Jagjit Singh Ji eLibrary NamdhariElibrary@gmail.com

ਖਾਣ ਨਾਲ ਬਚਨ, ਵਿਚਾਰ ਅਤੇ ਕਰਮ ਵੀ ਅਸ਼ੁਭ, ਤਾਮਸਿਕ ਭਾਵ ਕੁਕਰਮ ਹੀ ਹੋ ਜਾਂਦੇ ਹਨ।

ਗੁਰੂ ਅਮਰਦਾਸ ਪਾਤਿਸ਼ਾਹ ਦਾ ਕਥਨ ਹੈ ਕਿ ਸ਼ਰਾਬ ਪੀਣ ਨਾਲ ਮਨੁੱਖ ਦੀ ਮਤ ਮਾਰੀ ਜਾਂਦੀ ਹੈ, ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਉਸ ਨੂੰ ਮਾਲਕ ਵਿਸਰ ਜਾਂਦਾ ਹੈ ਅਤੇ ਮਾਲਕ ਦੀ ਦਰਗਾਹ ਤੋਂ ਉਸ ਨੂੰ ਧੱਕੇ ਪੈਂਦੇ ਹਨ। ਇਸ ਲਈ ਇਹ ਕਿਸੇ ਵੀ ਹਾਲਤ 'ਚ ਨਹੀਂ ਪੀਣੀ ਚਾਹੀਦੀ:

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥ (ਪੰ:554 ਮ:3)

ਪੰਚਮ ਪਾਤਿਸ਼ਾਹ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਸ ਨੇ ਅਗਿਆਨਤਾ ਵਸ ਅਕਾਲ ਪੁਰਖ ਨੂੰ ਕਿਉਂ ਵਿਸਾਰ ਦਿੱਤਾ ਹੈ। ਇਹ ਨਿਗੁਣੀ ਸ਼ਰਾਬ ਪੀ ਕੇ, ਬਾਵਰਾ ਬਣ ਕੇ, ਆਪਣਾ ਦੁਰਲੱਭ ਜਨਮ ਗੁਆਣ ਦੀ ਭੁੱਲ ਕਿਉਂ ਕਰ ਰਿਹਾ ਹੈ:

ਪ੍ਰਾਨ ਸੁਖਦਾਤਾ, ਜੀਅ ਸੁਖਦਾਤਾ, ਤੁਮ ਕਾਹੇ ਬਿਸਾਰਿਓ ਅਗਿਆਨਥ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ, ਦੁਲਭ ਜਨਮੁ ਅਕਾਰਥ॥
ਰੇ ਨਰ ਐਸੀ ਕਰਹਿ ਇਆਨਥ॥ (ਪੰ:1001)

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾ. ਗੁਰਦਾਸ ਜੀ ਦਾ ਕਥਨ ਹੈ ਕਿ ਅਮਲੀਆਂ ਨੂੰ ਲੱਖ ਲੱਖ ਫਿਟਕਾਰਾਂ ਪਏ ਪਾਉ, ਇਹਨਾਂ ਨੂੰ ਲੱਖ ਲਾਹਨਤਾਂ ਪਏ ਪਾਉ, ਇਹਨਾਂ ਨੂੰ ਵੇਦਾਂ ਤੇ ਹੋਰ ਧਰਮ ਗਰੰਥਾਂ ਦੇ ਉਪਦੇਸ਼ ਪਏ ਸੁਣਾਉ, ਇਹ ਆਪਣੀ ਨਾਮੁਰਾਦ ਆਦਤ ਨਹੀਂ ਛਡਦੇ:

ਅਮਲੀ ਨ ਅਮਲ ਤਜਤ ਜਯੋਂ ਧਿਕਾਰ ਕੀਏ,
ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈਂ। (ਕਬਿਤ ਭਾ. ਗੁਰਦਾਸ ਜੀ)

ਭਾ. ਗੁਰਦਾਸ ਜੀ ਆਪਣੀ ਵਾਰ 'ਚ ਫੁਰਮਾਉਂਦੇ ਹਨ ਕਿ ਪੋਸਤ, ਭੰਗ ਤੇ ਸ਼ਰਾਬ ਦੇ ਨਸ਼ਈ ਸਾਧ ਸੰਗਤ ਨੂੰ ਭੁਲ ਜਾਂਦੇ ਹਨ ਅਤੇ ਹਮੇਸ਼ਾ ਭਰਮਾਂ 'ਚ ਭੁਲੇ ਭਟਕਦੇ ਰਹਿੰਦੇ ਹਨ:

ਪੋਸਤ, ਭੰਗ, ਸ਼ਰਾਬ ਦਾ ਚਲੈ ਪਿਆਲਾ ਭੁਗਤ ਭੁੰਚਾਇਆ।
ਸਾਧ ਸੰਗਤਿ ਵਿਣ ਭਰਮ ਭੁਲਾਇਆ।
(ਭਾ. ਗੁਰਦਾਸ ਜੀ ਵਾਰ 39-16)

ਰਹਿਤਨਾਮਿਆਂ 'ਚ ਵੀ ਸ਼ਰਾਬ ਤੇ ਹੋਰ ਨਸ਼ਿਆਂ ਦੀ ਨਿਖੇਧੀ ਕੀਤੀ ਹੈ। ਰਹਿਤਨਾਮਾ ਭਾ. ਦੇਸਾ ਸਿੰਘ ਜੀ 'ਚ ਲਿਖਿਆ ਹੈ:

ਪਰ-ਨਾਰੀ, ਜੂਆ, ਅ-ਸਤ, ਚੋਰੀ, ਮਦਰਾ ਜਾਨ।
ਪਾਂਚ ਐਬ ਯਿਹ ਜਗਤ ਮੈ, ਤਜੇ ਸੁ ਸਿੰਘ ਸੁਜਾਨ।

ਭਗਤ ਰਵਿਦਾਸ ਜੀ ਵੀ ਸ਼ਰਾਬ ਪੀਣ ਦੀ ਤਾੜਨਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਸ਼ਰਾਬ ਭਾਵੇਂ ਗੰਗਾ ਦੇ ਜਲ (ਜਿਸ ਨੂੰ ਹਿੰਦੂ ਪਵਿੱਤਰ ਮੰਨਦੇ ਹਨ) ਦੀ ਵੀ ਬਣੀ ਹੋਵੇ, ਤਾਂ ਵੀ ਅਤਿਅੰਤ ਘ੍ਰਿਣਤ ਹੈ ਅਤੇ ਕਦੀ ਵੀ ਨਹੀ ਪੀਣੀ ਚਾਹੀਦੀ। ਇਹ ਇਤਨੀ ਅਪਵਿਤਰ ਤੇ ਨੀਚ ਵਸਤੂ ਹੈ ਕਿ ਜੇ ਗੰਗਾ ਜਲ ਵੀ ਇਸ 'ਚ ਮਿਲਾ ਦਿੱਤਾ ਜਾਏ, ਤਾਂ ਵੀ ਪੀਣ ਯੋਗ ਨਹੀਂ।

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ, ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ॥
(ਪੰ:1293)

## ਮਨੁੱਖ ਨਸ਼ਈ ਕਿਵੇਂ ਬਣਦਾ ਹੈ ਅਤੇ ਕਿਉਂ ਸ਼ਰਾਬ ਪੀਂਦਾ ਹੈ?

ਹਰ ਅਮਲ ਦਾ ਆਰੰਭ ਨਸ਼ੀਲੇ ਧੂੰਏ ਦੇ ਪਹਿਲੇ ਕਸ਼ ਜਾਂ ਨਸ਼ੀਲੇ ਰਸਾਇਣ ਦੇ ਪਹਿਲੇ ਘੁੱਟ ਨਾਲ ਹੀ ਹੁੰਦਾ ਹੈ, ਜੋ ਅਮਰਵੇਲ ਵਾਂਗੂੰ ਮਨੁੱਖ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ ਅਤੇ ਮਨੁੱਖ ਨੂੰ ਆਪਣਾ ਗ਼ੁਲਾਮ ਬਣਾ ਲੈਂਦਾ ਹੈ। ਨਸ਼ਿਆਂ ਦੀ ਆਦਤ ਦਾ ਮੂਲ ਕਾਰਨ ਮਾਨਸਿਕ ਸੰਤੁਲਨ ਦਾ ਵਿਗਾੜ ਹੀ ਹੈ।

ਪਦਾਰਥਵਾਦ ਦੀ ਅੰਨ੍ਹੀ ਦੌੜ ਵਿੱਚ ਹਰ ਕੋਈ, ਹਰ ਜਾਇਜ਼ ਨਾਜਾਇਜ਼ ਢੰਗ ਨਾਲ, ਹਰ ਕੀਮਤ ਤੇ, ਵੱਧ ਤੋਂ ਵੱਧ ਧਨ ਇਕੱਠਾ ਕਰਨਾ ਚਾਹੁੰਦਾ ਹੈ। ਹਰ ਕੋਈ ਥੋੜੇ ਸਮੇਂ ਵਿੱਚ ਅਤੇ ਥੋੜੀ ਮਿਹਨਤ ਨਾਲ ਵਧੇਰੇ ਧਨ ਇਕੱਠਾ ਕਰਨ ਦਾ ਰਾਹ ਚੁਣਦਾ ਹੈ। ਇਹ ਰਾਹ ਹੈ ਹੇਰਾਫੇਰੀ ਦਾ, ਚੋਰੀ ਠੱਗੀ ਦਾ ਅਤੇ ਧੋਖੇਬਾਜ਼ੀ ਦਾ। ਕਹਿਰਾਂ ਦਾ ਧਨ ਇਕੱਠਾ ਕਰਨ ਮਗਰੋਂ ਵੀ ਜਦ ਮਨੁੱਖ ਨੂੰ ਤਸੱਲੀ ਜਾਂ ਸਕੂਨ ਨਹੀ ਮਿਲਦਾ ਤਾਂ ਡਰੱਗਜ਼ ਜਾਂ ਸ਼ਰਾਬ ਅਫੀਮ ਦਾ ਆਸਰਾ ਲੈਂਦਾ ਹੈ। ਜਿਸ ਕੋਲ ਸ਼ਰਾਬ ਆ ਜਾਏ, ਉਸ ਕੋਲ ਬਾਕੀ ਸਾਰੇ ਐਬ ਵੀ ਆ ਜਾਂਦੇ ਹਨ।

ਜਦ ਮਨੁੱਖ ਅਜਿਹਾ ਰਾਹ ਚੁਣਦਾ ਹੈ, ਤਾਂ ਹਰ ਵੇਲੇ ਉਸ ਨੂੰ ਧੁੜਕੂ ਲੱਗਾ ਰਹਿੰਦਾ ਹੈ ਕਿ ਉਹ ਫੜਿਆ ਨਾ ਜਾਵੇ, ਵਪਾਰ 'ਚ ਲਾਈ ਰਕਮ ਡੁੱਬ ਨਾ ਜਾਏ, ਘਾਟਾ ਨਾ ਪੈ ਜਾਏ, ਆਦਿਕ ਦੀ ਫਿਕਰ ਚਿੰਤਾ ਨਾਲ ਉਸ ਦੇ ਮਨ ਦਾ ਸਕੂਨ, ਚੈਨ, ਭੁੱਖ, ਨੀਂਦ ਸਭ ਕੁਝ ਜਾਂਦਾ ਰਹਿੰਦਾ ਹੈ। ਮਾਨਸਿਕ ਤਣਾਅ ਦੇ ਕਾਰਨ ਉਦਾਸੀ, ਚਿੜਚਿੜਾਪਨ, ਗੁੱਸਾ, ਘਬਰਾਹਟ ਅਤੇ ਅਨੇਕਾਂ ਪ੍ਰਕਾਰ ਦੇ ਹੋਰ ਸਰੀਰਕ ਵਿਗਾੜ ਆਦਿਕ ਸ਼ੁਰੂ ਹੋ ਜਾਂਦੇ ਹਨ। ਉਹਨਾਂ ਤੋਂ ਛੁਟਕਾਰਾ ਪਾਉਣ ਲਈ ਸ਼ਰਾਬ ਦਾ ਸਹਾਰਾ ਲੈਂਦਾ ਮਨੁੱਖ ਇਸ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਇਹ ਨਹੀਂ ਸਮਝ ਸਕਦਾ ਕਿ ਨਸ਼ੇ ਦੇ ਲੋਰ ਵਾਲਾ ਸਵਰਗ ਸਦੀਵੀ

ਨਹੀਂ ਹੁੰਦਾ। ਚਟਪਟੇ ਮਸਾਲੇਦਾਰ ਚਰਬੀ ਭਰਪੂਰ ਭੋਜਨ - ਮਾਸ, ਮੱਛੀ, ਤੇਲ, ਘਿਓ ਤੇ ਮਸਾਲਿਆਂ ਨਾਲ ਲੱਥ-ਪੱਥ ਪਕਵਾਨਾਂ ਕਾਰਨ ਉਸ ਦਾ ਲਿਵਰ ਤੇ ਮਿਹਦਾ ਖਰਾਬ ਹੋ ਜਾਂਦੇ ਹਨ।

ਪੱਛਮੀ ਦੇਸ਼ਾਂ ਅੰਦਰ ਤਾਂ ਇਹ ਕਾਫੀ ਲੰਮੇ ਸਮੇਂ ਤੋਂ ਸ਼ਰਾਬ ਨੂੰ ਮਿਲ-ਬੈਠਣ ਦੇ ਡਰਿੰਕ ਨਾਲ ਸਤਿਕਾਰਿਆ ਜਾ ਰਿਹਾ ਹੈ,ਪਰ ਹੁਣ ਪੂਰਬੀ ਦੇਸ਼ਾਂ 'ਚ ਵੀ ਇਹ ਰਿਵਾਜ ਚਲ ਪਿਆ ਹੈ। ਖਾਸ ਕਰਕੇ ਸਿੱਖ ਸਮਾਜ 'ਚ ਇਸ ਦੀ ਬੜੇ ਜ਼ੋਰ-ਸ਼ੋਰ ਨਾਲ ਜਕੜ ਵੱਧ ਰਹੀ ਹੈ।

ਪੰਜਾਬ ਨੇ ਸ਼ਰਾਬ ਪੀਣ 'ਚ ਪੱਛਮ ਨੂੰ ਵੀ ਪਛਾੜ ਦਿੱਤਾ ਲੱਗਦਾ ਹੈ। ਇਥੇ ਸ਼ਰਾਬ ਪੀਣ ਪਿਆਉਣ ਤੋਂ ਰੋਕਾਂ ਹਟਾ ਦਿੱਤੀਆਂ ਗਈਆਂ ਜਾਪਦੀਆਂ ਹਨ। ਹੁਣ ਇਥੇ ਸ਼ਰਾਬ ਪੀਣੀ ਤੇ ਪਿਆਉਣੀ ਸ਼ਾਮ ਜਾਂ ਰਾਤ ਦੀ ਗੱਲ ਨਹੀਂ ਰਹੀ,ਚੜ੍ਹਦੀ ਸਵੇਰ ਦੇ ਸਮਾਗਮਾਂ 'ਚ ਹੀ ਸ਼ੁਰੂ ਹੋ ਜਾਂਦੀ ਹੈ। ਕਿਤਨੀ ਹੈਰਾਨਗੀ ਵਾਲੀ ਗੱਲ ਹੈ ਕਿ ਕਦੇ ਸਮਾਂ ਸੀ ਕਿ ਸ਼ਰਾਬ ਪੀਣ ਵਾਲੇ ਨੂੰ ਲੋਕਾਂ ਤੋਂ ਸੰਗ ਆਉਂਦੀ ਸੀ,ਪਰ ਅੱਜ ਸ਼ਰਾਬ ਨਾ ਪੀਣ ਵਾਲੇ ਅਨੰਦ ਕਾਰਜਾਂ ਸਮੇਂ ਸ਼ਰਮਾਉਂਦੇ,ਲੁਕਦੇ ਅਤੇ ਹੀਣਭਾਵਨਾ ਮਹਿਸੂਸ ਕਰਦੇ ਦਿੱਸਦੇ ਹਨ। ਹੁਣ ਤਾਂ ਸਕੂਲਾਂ ਦੇ ਬੱਚੇ ਤੇ ਨੌਜਵਾਨ ਵੀ ਆਮ ਸ਼ਰਾਬ ਪੀਂਦੇ ਵੇਖੇ ਜਾ ਸਕਦੇ ਹਨ।

ਦਿਆਨੰਦ ਮੈਡੀਕਲ ਕਾਲਜ ਲੁਧਿਆਣਾ ਦੇ ਸਾਬਕਾ ਪ੍ਰਿੰਸੀਪਲ ਲਿਵਤਾਰ ਸਿੰਘ ਚਾਵਲਾ ਅਨੁਸਾਰ 'ਸੂਬਾ ਪੰਜਾਬ 'ਚ ਦੁਨੀਆ 'ਚ ਸਭ ਤੋਂ ਵੱਧ ਪ੍ਰਤੀ ਜੀਅ ਸ਼ਰਾਬ ਦਾ ਸੇਵਨ ਹੁੰਦਾ ਹੈ। ਪੰਜਾਬ ਦੇ ਹਸਪਤਾਲਾਂ 'ਚ ਸ਼ਰਾਬ ਨਾਲ ਸਬੰਧਤ ਰੋਗਾਂ ਦੇ ਰੋਗੀਆਂ ਦੀ ਗਿਣਤੀ ਬੜੇ ਖਤਰਨਾਕ ਅਨੁਪਾਦ 'ਚ ਵੱਧ ਰਹੀ ਹੈ। ਸੜਕਾਂ 'ਤੇ ਹੁੰਦੀਆਂ ਦੁਰਘਟਨਾਵਾਂ 'ਚ ਹੁੰਦੀਆਂ ਮੌਤਾਂ 'ਚੋਂ 35% ਹਾਦਸਿਆਂ ਦਾ ਕਾਰਨ ਸ਼ਰਾਬ ਹੁੰਦਾ ਹੈ। ਘੱਲੂਘਾਰਿਆਂ ਅਤੇ 'ਅਖੌਤੀ ਮੁਕਾਬਲਿਆਂ' ਦੀ ਮਾਰ ਤੋਂ ਬਚ ਨਿਕਲੇ ਸਿੱਖ ਜਵਾਨਾਂ ਨੂੰ ਅਮਲੀ ਸ਼ਰਾਬੀ ਬਣਾ ਕੇ ਸਿੱਖਾਂ ਦੀ ਨਸਲਘਾਤ ਕੀਤੀ ਜਾ ਰਹੀ ਹੈ।

ਜੇ ਇਸ ਵਿਨਾਸ਼ਕਾਰੀ ਕੈਂਸਰ ਨੂੰ ਰੋਕਣ ਦੇ ਫੌਰੀ ਯਤਨ ਨਾ ਕੀਤੇ ਗਏ ਤਾਂ ਸਿੱਖ ਨਸਲ ਦਾ ਭਵਿੱਖ ਖਤਰੇ ਵਿੱਚ ਹੈ। ਨਸ਼ਾ ਤਨ,ਮਨ,ਧਨ ਨੂੰ ਵੀ ਖਰਾਬ ਕਰਦਾ ਹੈ ਅਤੇ ਰੋਜ਼ ਦੇ ਜੀਵਨ 'ਚ ਜ਼ਹਿਰ ਵੀ ਘੋਲਦਾ ਹੈ। ਸ਼ਰਾਬ,ਅਫੀਮ,ਹੀਰੋਨ,ਸਮੈਕ ਆਦਿ ਨਸ਼ੇ ਸਰੀਰਕ ਘਾਤਕ ਤਾਂ ਹੈਨ ਹੀ,ਪਰ ਇਹ ਮਾਨਸਿਕ ਤੇ ਆਤਮਿਕ ਤੌਰ ਤੇ ਮਨੁੱਖ ਨੂੰ ਗ਼ੁਲਾਮ ਬਣਾ ਦਿੰਦੇ ਹਨ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਜਿਹੇ ਨਸ਼ਈ ਆਮ ਕਰਕੇ ਵਿਖਾਵੇ ਲਈ ਪੀਲੇ ਪਟਕੇ ਵੀ ਬੰਨ੍ਹਦੇ ਹਨ ਅਤੇ ਖੁਲ੍ਹੀਆਂ ਦਾੜ੍ਹੀਆਂ ਵੀ ਰੱਖਦੇ ਹਨ,ਪਰ ਰੱਜ ਕੇ ਨਸ਼ਿਆਂ ਦੀ ਵਰਤੋਂ ਵੀ ਕਰਦੇ ਹਨ ਅਤੇ ਸ਼ਰਾਬ ਪੀ ਕੇ ਮੁੱਛਾਂ ਨੂੰ ਇਸ ਤਰ੍ਹਾਂ ਉਤਾਂਹ ਨੂੰ ਚੁੱਕਦੇ ਹਨ ਜਿਵੇਂ ਕਿ ਬਹੁਤ ਵੱਡੀ ਬਹਾਦਰੀ ਕਰ ਲਈ ਹੋਵੇ।

# ਸ਼ਰਾਬ ਤੇ ਸਿਹਤ

ਅੱਜ ਇਹ ਹਰ ਕੋਈ ਜਾਣਦਾ ਹੈ ਕਿ ਸ਼ਰਾਬ ਪੀਣ ਕਾਰਨ ਹਾਈ ਬਲੱਡ ਪਰੈਸ਼ਰ, ਮਾਸਪੇਸ਼ੀਆਂ ਦੀ ਕਮਜ਼ੋਰੀ, ਬਦਹਜ਼ਮੀ, ਜਿਗਰ ਦੀ ਬੀਮਾਰੀ, ਦਿਲ ਦੀ ਬੀਮਾਰੀ, ਗਲੇ ਦਾ ਕੈਂਸਰ, ਮਿਰਗੀ, ਲਕਵਾ ਆਦਿਕ ਅਨੇਕਾਂ ਬੀਮਾਰੀਆਂ ਆ ਘੇਰਦੀਆਂ ਹਨ। ਸ਼ਰਾਬ ਦੀ ਅਧਿਕ ਮਾਤਰਾ 'ਚ ਲਗਾਤਾਰ ਵਰਤੋਂ ਕਰਨ ਨਾਲ ਸਰੀਰਕ ਤੇ ਮਾਨਸਿਕ ਨੁਕਸਾਨ ਹੁੰਦੇ ਹਨ ਅਤੇ ਲਿਵਰ ਤੇ ਗੁਰਦਾ ਦੋਵੇਂ ਗਲ ਜਾਂਦੇ ਹਨ।

ਸ਼ਰਾਬ ਦੀ ਲਗਾਤਾਰ ਅਧਿਕ ਵਰਤੋਂ ਦਾ ਸਰੀਰ ਦੇ ਸਾਰੇ ਅੰਗਾਂ ਤੇ ਬਹੁਤ ਬੁਰਾ ਅਸਰ ਪੈਂਦਾ ਹੈ, ਮਨੁੱਖ ਆਪਣੇ ਹੋਸ਼ ਹਵਾਸ ਗੁਆ ਬੈਠਦਾ ਹੈ, ਨਾ ਆਪਣੇ ਆਪ 'ਤੇ ਕਾਬੂ ਰੱਖ ਸਕਦਾ ਹੈ ਅਤੇ ਨਾਹੀ ਕੋਈ ਠੀਕ ਨਿਰਣਾ ਹੀ ਲੈ ਸਕਦਾ ਹੈ। ਉਸ ਦੀਆਂ ਲਹੂ ਨਾੜੀਆਂ ਫੈਲ ਜਾਂਦੀਆਂ ਹਨ, ਦਿਲ ਦੇ ਪੱਠੇ ਕਮਜ਼ੋਰ ਹੋ ਜਾਂਦੇ ਹਨ, ਧੜਕਨ ਵੱਧ ਜਾਂਦੀ ਹੈ, ਜਿਗਰ ਕਮਜ਼ੋਰ ਹੋ ਜਾਂਦਾ ਹੈ, ਲਗਾਤਾਰ ਪੀਣ ਨਾਲ ਮਿਹਦੇ ਦੀ ਤਿਲੀ ਮੋਟੀ ਹੋਕੇ ਲਾਲ ਹੋ ਜਾਂਦੀ ਹੈ, ਜਿਸ ਨਾਲ ਪਾਚਕ ਰਸ ਨਹੀ ਬਣਦਾ ਅਤੇ ਪਾਚਨ ਸ਼ਕਤੀ ਘੱਟ ਜਾਂਦੀ ਹੈ। ਕਈ ਵਾਰ ਸ਼ਰਾਬੀ ਨੂੰ ਉਲਟੀਆਂ ਵੀ ਆ ਜਾਂਦੀਆਂ ਹਨ। ਰੋਗਾਂ ਦਾ ਟਾਕਰਾ ਕਰਨ ਦੀ ਤਾਕਤ ਘੱਟ ਜਾਂਦੀ ਹੈ। ਮਨੁੱਖ ਸ਼ਰਾਬ ਦਾ ਗ਼ੁਲਾਮ ਬਣ ਜਾਂਦਾ ਹੈ।

# ਸ਼ਰਾਬੀਆਂ ਦਾ ਘਰੋਗੀ ਜੀਵਨ

ਜਿਸ ਘਰ 'ਚ ਸ਼ਰਾਬ ਦੀ ਲਾਹਨਤ ਵੜ ਗਈ, ਉਹ ਘਰ ਬਰਬਾਦ ਹੋਇਆ ਸਮਝੋ। ਸ਼ਰਾਬ ਆਪਣੇ ਨਾਲ ਸਾਰੀਆਂ ਬੁਰਾਈਆਂ ਦੀ ਫੌਜ ਲੈਕੇ ਵੜਦੀ ਹੈ। ਉਸ ਘਰ 'ਚੋਂ ਸੁਖ-ਸ਼ਾਂਤੀ ਤੇ ਖੁਸ਼ੀਆਂ ਖੰਭ ਲਾ ਉਡ ਜਾਂਦੀਆਂ ਹਨ। ਇਜ਼ਤ ਆਬਰੂ ਮਿਟੀ 'ਚ ਮਿਲਾ ਕੇ ਰੱਖ ਦਿੰਦੀ ਹੈ।

ਅਨੇਕਾਂ ਪਰਿਵਾਰ, ਖਾਨਦਾਨ, ਕੌਮਾਂ ਅਤੇ ਬਾਦਸ਼ਾਹੀਆਂ ਸ਼ਰਾਬ ਦੇ ਪਿਆਲੇ 'ਚ ਡੁੱਬ ਗਈਆਂ ਹਨ। ਬੇਅੰਤ ਸੋਹਣੀਆਂ ਜੁਆਨੀਆਂ ਇਸ ਨੇ ਗਾਲੀਆਂ। ਜੇਲ੍ਹਾਂ 'ਚ ਸਜ਼ਾ ਭੁਗਤ ਰਹੇ ਕੈਦੀਆਂ 'ਚੋਂ 90% ਉਹ ਲੋਕ ਹੁੰਦੇ ਹਨ ਜਿਨ੍ਹਾਂ ਅਪਰਾਧ ਕਰਨ ਤੋਂ ਪਹਿਲਾਂ ਸ਼ਰਾਬ ਦੀ ਵਰਤੋਂ ਕੀਤੀ ਹੁੰਦੀ ਹੈ। ਚੋਰੀ, ਡਾਕੇ, ਲੜਾਈ ਅਤੇ ਕਤਲ ਕਰਨ ਵਾਲੇ ਸ਼ਰਾਬ ਪੀ ਕੇ ਹੀ ਅਜਿਹੇ ਕਾਰੇ ਕਰਦੇ ਹਨ। ਇਵੇਂ ਹੀ ਜਬਰ ਜਿਨਾਹ 'ਚ ਵੀ ਸ਼ਰਾਬ ਦੀ ਮੁਖ ਭੂਮਿਕਾ ਹੁੰਦੀ ਹੈ। ਭਾਰਤ 'ਚ ਸਭ ਤੋਂ ਵੱਧ ਪੰਜਾਬ ਅੰਦਰ ਸ਼ਰਾਬ ਦੀ ਵਰਤੋਂ ਹੁੰਦੀ ਹੈ। ਇਕ ਮੋਟੇ ਅੰਦਾਜ਼ੇ ਮੁਤਾਬਕ ਪੰਜਾਬ ਅੰਦਰ ਚਾਰ-ਪੰਜ ਅਰਬ ਰੁਪਏ ਸ਼ਰਾਬ 'ਤੇ ਬਰਬਾਦ ਹੁੰਦੇ ਹਨ, ਜਿਸ ਨਾਲ ਹਜ਼ਾਰਾਂ ਪਰਿਵਾਰ ਬਰਬਾਦ ਹੁੰਦੇ ਹਨ।

ਸ਼ਰਾਬੀਆਂ ਦਾ ਘਰੇਲੂ ਜੀਵਨ ਨਰਕ ਬਣ ਜਾਂਦਾ ਹੈ। ਘਰ ਵਿੱਚੋਂ ਸੁੱਖ ਚੈਨ ਅਲੋਪ ਹੋ ਜਾਂਦਾ ਹੈ। ਸ਼ਰਾਬ ਕਾਰਨ ਆਰਥਕ ਮੰਦਹਾਲੀ ਵਧ ਜਾਣ ਨਾਲ ਘਰ 'ਚ ਕਲੇਸ਼ ਰਹਿਣ ਲੱਗ ਜਾਂਦਾ ਹੈ। ਗਾਲੀ-ਗਲੋਚ, ਬੋਲ-ਬੁਲਾਰਾ, ਰੋਣਾ-ਧੋਣਾ ਆਮ ਹੋ ਜਾਂਦਾ ਹੈ, ਜਿਸ ਦਾ ਬੱਚਿਆਂ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਪਤੀ ਪਤਨੀ ਦਾ ਇਕ ਦੂਜੇ ਤੋਂ ਖਿਝਣਾ, ਗੱਲ-ਗੱਲ ਤੇ ਝਗੜਾ, ਮਾਰ-ਕੁਟਾਈ ਅਤੇ ਕਈ ਵਾਰੀ ਤਲਾਕ ਹੋ ਜਾਣ ਤਕ ਨੌਬਤ ਪਹੁੰਚ ਜਾਣੀ ਆਮ ਗੱਲ ਬਣ ਜਾਂਦੀ ਹੈ।

## ਬੱਚਿਆਂ 'ਚ ਪਤਿਤਪੁਣਾ

ਬੱਚੇ ਸਾਡੀ ਮਲਕੀਅਤ ਨਹੀਂ, ਸਗੋਂ ਸਾਡੇ ਕੋਲ ਕੁਦਰਤ ਦੀ ਅਮਾਨਤ ਹਨ। ਪ੍ਰਾਕ੍ਰਿਤੀ ਸਾਥੋਂ ਆਦਰਸ਼ਕ ਅਗਲੇਰੀ ਨਸਲ ਚਾਹੁੰਦੀ ਹੈ। ਸਾਡੇ ਚੰਗੇਰੇ, ਸੁਲਝੇ ਹੋਏ ਅਤੇ ਜ਼ਿਮੇਵਾਰ ਬੱਚੇ ਚਾਹੁੰਦੀ ਹੈ। ਬੱਚੇ ਕੁਦਰਤ ਦੀ ਅਮਾਨਤ ਹਨ। ਇਹਨਾਂ ਦੀ ਚੰਗੀ ਤਰ੍ਹਾਂ ਪਾਲਣ- ਪੋਸਣ ਦੀ ਜ਼ਿਮੇਵਾਰੀ ਸਾਡਾ ਪ੍ਰਾਕ੍ਰਿਤਕ ਫ਼ਰਜ਼ ਹੈ। ਇਹ ਕੁਦਰਤ ਦੀ ਮੰਗ ਹੈ।

ਨੌਜਵਾਨ ਕਿਸੇ ਵੀ ਕੌਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਅਜੋਕਾ ਸਿੱਖ ਨੌਜਵਾਨ ਗੁਰਬਾਣੀ, ਸਿੱਖ ਰਹਿਤ ਮਰਯਾਦਾ, ਸਿੱਖ ਸਭਿਆਚਾਰ ਅਤੇ ਸਿੱਖ ਗੌਰਵਮਈ ਵਿਰਸੇ ਤੋਂ ਮੂੰਹ ਮੋੜੀ ਬੈਠਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਸਿੱਖ ਨੌਜਵਾਨ ਧਰਮ ਵਲੋਂ ਬੇਰੁਖੀ ਕਿਉਂ ਵਿਖਾ ਰਿਹਾ ਹੈ? ਇਸ ਦੇ ਜ਼ਿਮੇਵਾਰ ਅਸੀਂ ਆਪ ਹਾਂ। ਮੁੱਖ ਤੌਰ ਤੇ ਮਾਤਾ ਪਿਤਾ, ਵਿਦਿਅਕ ਸੰਸਥਾਵਾਂ ਅਤੇ ਸਾਡੇ ਗੁਰਦੁਆਰਾ ਸਾਹਿਬਾਨ। ਬੱਚੇ ਕੋਰੀ ਸਲੇਟ ਹੁੰਦੇ ਹਨ। ਜੇ ਉਹਨਾਂ ਨੂੰ ਬਚਪਨ ਵਿੱਚ ਧਰਮ ਪ੍ਰਤੀ ਲਗਨ ਪੈਦਾ ਨਾ ਕੀਤੀ ਜਾਏ, ਤਾਂ ਕਿਸੇ ਵੀ ਵਕਤ ਕਿਸੇ ਵੀ ਪਾਸੇ ਜਾ ਸਕਦੇ ਹਨ।

ਅੱਜ ਪਤਿਤ-ਪੁਣੇ ਦੀ ਹਨੇਰੀ ਝੁੱਲ ਪਈ ਹੈ। ਕਿਧਰੇ ਸਿਰ ਦੇ ਕੇਸ ਕਤਲ ਹੋ ਰਹੇ ਹਨ; ਕਿਧਰੇ ਦਾੜ੍ਹੀ ਕਤਰੀ ਜਾ ਰਹੀ ਹੈ; ਕਿਤੇ ਸਰੀਰ ਦੇ ਰੋਮਾਂ ਦੀ ਬੇ-ਅਦਬੀ ਹੋ ਰਹੀ ਹੈ; ਕਿਤੇ ਭਰਵੱਟੇ ਮੁੰਨੇ ਜਾ ਰਹੇ ਹਨ; ਸਿੱਖ ਕੌਮ ਦੀ ਨਵੀਂ ਪਨੀਰੀ ਸਿੱਖੀ ਤੋਂ ਬਾਗ਼ੀ ਹੁੰਦੀ ਜਾ ਰਹੀ ਹੈ; ਸਿੱਖ ਜਵਾਨਾਂ ਅੰਦਰ ਕੇਸ ਕਤਲ ਕਰਵਾਉਣ, ਰੰਗ ਬਰੰਗੇ ਢੰਗ ਨਾਲ ਕਤਰੀਆਂ ਦਾੜ੍ਹੀਆਂ ਮੁੱਛਾਂ ਦੇ ਫ਼ੈਸ਼ਨ ਅਤੇ ਸ਼ਰਾਬ, ਅਫ਼ੀਮ ਤੇ ਤੰਬਾਕੂ ਆਦਿਕ ਨਸ਼ਿਆਂ ਦੀ ਨਾਮੁਰਾਦ ਬੀਮਾਰੀ ਦਾ ਕੈਂਸਰ ਜ਼ੋਰਾਂ ਨਾਲ ਫੈਲਦਾ ਜਾ ਰਿਹਾ ਹੈ। ਅੱਜ ਸਿੱਖ ਕੌਮ ਲਈ ਇਹ ਇਕ ਬਹੁਤ ਵੱਡੀ ਵੰਗਾਰ ਬਣ ਕੇ ਸਾਹਮਣੇ ਆ ਖਲੋਤੀ ਹੈ। ਇਸ ਕੈਂਸਰ ਦੀ ਬੀਮਾਰੀ ਨੂੰ ਰੋਕਣ ਲਈ ਫ਼ੌਰੀ ਕਦਮ ਚੁੱਕਣ ਦੀ ਲੋੜ ਹੈ।

ਪਦਾਰਥਵਾਦੀ ਦੌੜ ਵਿੱਚ ਗ਼ਲਤਾਨ ਮਾਤਾ ਪਿਤਾ ਕੋਲ ਆਪਣੇ ਕੰਮ-ਕਾਰ ਦੇ ਰੁਝੇਵਿਆਂ ਕਾਰਨ ਆਪਣੇ ਬੱਚਿਆਂ ਵੱਲ ਧਿਆਨ ਦੇਣ ਦਾ

ਸਮਾਂ ਹੀ ਨਹੀਂ ਹੁੰਦਾ। ਉਹ ਆਪਣੇ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਤੋਂ ਕੁਤਾਹੀ ਕਰ ਰਹੇ ਹਨ। ਬੱਚਿਆਂ ਦੀ ਪਰਵਰਿਸ਼ ਨੌਕਰਾਂ ਜਾਂ ਹੋਸਟਲਾਂ ਦੇ ਆਸਰੇ ਛੱਡੀ ਹੋਈ ਹੈ। ਇਸ ਤਰ੍ਹਾਂ ਬੱਚਾ ਚੰਗਾ ਡਾਕਟਰ, ਚੰਗਾ ਵਕੀਲ, ਚੰਗਾ ਇੰਜੀਨੀਅਰ, ਚੰਗਾ ਬਿਜ਼ਨਸਮੈਨ ਅਤੇ ਚੰਗਾ ਸਾਇੰਸਦਾਨ ਤਾਂ ਬਣ ਜਾਂਦਾ ਹੈ, ਪਰ ਚੰਗਾ ਸਿੱਖ ਨਹੀਂ। ਨਾਸਤਿਕ ਮਾਹੌਲ ਵਿੱਚ ਰਹਿਣ ਕਰਕੇ ਸਿੱਖੀ ਸਿਧਾਂਤਾਂ ਤੋਂ ਦੂਰ ਹੋ ਜਾਂਦਾ ਹੈ।

ਅੱਜ ਦੇ ਸਿੱਖ ਬੱਚਿਆਂ ਵਿੱਚ ਪਤਿਤਪੁਣਾ, ਨਸ਼ੇਖੋਰੀ, ਨੈਤਿਕ ਕਦਰਾਂ ਕੀਮਤਾਂ ਦਾ ਡਿਗਣਾ ਅਤੇ ਸਿੱਖੀ ਵਿੱਚ ਹਰ ਪ੍ਰਕਾਰ ਦੀ ਗਿਰਾਵਟ ਸਿਖਰਾਂ ਛੂਹ ਰਹੀ ਹੈ। ਇਹ ਸਭ ਕੁਝ ਕੋਈ ਇਕਦਮ ਤਾਂ ਨਹੀਂ ਹੋਇਆ ਸਗੋਂ ਇਹ ਪਿਛਲੇ ਪੰਜਾਹ ਸਾਲਾਂ ਤੋਂ ਸਿੱਖੀ ਕਿਰਦਾਰ ਦੇ ਵਿਉਂਤਬੱਧ ਢੰਗ ਨਾਲ ਕੀਤੇ ਜਾ ਰਹੇ ਸ਼ੋਸ਼ਣ ਦਾ ਸਿੱਟਾ ਹੈ। ਹੁਣ ਤਕ ਸਿੱਖ ਸੰਸਥਾਵਾਂ ਨੇ ਇਹ ਸੋਚਣ ਦੀ ਖੇਚਲ ਹੀ ਨਹੀਂ ਕੀਤੀ ਕਿ ਪੰਜਾਬ ਵਿੱਚ ਸਿੱਖ ਸਭਿਆਚਾਰ, ਸਿੱਖ ਕਿਰਦਾਰ ਅਤੇ ਸਿੱਖ ਧਰਮ ਨੂੰ ਪੰਜਾਬੀ ਸਾਹਿਤ 'ਚੋਂ ਅਲੋਪ ਹੀ ਕਰ ਦਿੱਤਾ ਗਿਆ ਹੈ।

ਚਾਹੀਦਾ ਤਾਂ ਇਹ ਹੈ ਕਿ ਗੁਰਸਿੱਖ ਮਾਤਾ ਗੋਦ ਦੀਆਂ ਲੋਰੀਆਂ ਤੋਂ ਹੀ ਬੱਚੇ ਨੂੰ ਖ਼ਾਲਸਈ ਮਾਹੌਲ ਵਿੱਚ ਢਾਲਣਾ ਆਰੰਭ ਕਰੇ, ਬੱਚੇ ਦੇ ਸਿਆਣੇ ਹੁੰਦੇ ਸਾਰ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਤੋਂ ਜਾਣੂ ਕਰਾਏ, ਤਾਂ ਜੋ ਬੱਚਾ ਸਿੱਖੀ ਦੇ ਉੱਚੀ ਤੇ ਸੁੱਚੀ ਰਹਿਣੀ ਬਹਿਣੀ ਵਿੱਚ ਪ੍ਰਪੱਕ ਹੋ ਸਕੇ। ਅਜਿਹਾ ਨਾ ਹੋਣ ਦੇ ਕਾਰਨ ਹੀ ਸਿੱਖ ਬੱਚੇ ਪਤਿਤ ਹੋਕੇ, ਸਿਰਾਂ 'ਤੇ ਟੋਪੀਆਂ ਪਾਈ ਫਿਰਦੇ ਹਨ ਅਤੇ ਨਸ਼ੇ ਕਲਚਰ ਵਿੱਚ ਡੁਬ ਰਹੇ ਹਨ। ਜਿਨ੍ਹਾਂ ਬੱਚਿਆਂ ਦਾ ਪਾਲਣ-ਪੋਸਣ ਖਾਲਸਈ ਮਾਹੌਲ ਵਿੱਚ ਹੋਇਆ, ਉਹਨਾਂ ਨੇ ਛੋਟੀ ਉਮਰੇ ਹੀ ਸੰਸਾਰ ਨੂੰ ਹੈਰਾਨ ਕਰ ਦੇਣ ਵਾਲੇ ਕਾਰਨਾਮੇ ਕਰ ਵਿਖਾਏ।

ਸੇਧ ਲੈਣ ਲਈ ਸਾਨੂੰ ਦੂਰ ਜਾਣ ਦੀ ਵੀ ਲੋੜ ਨਹੀਂ, ਸਾਡਾ ਇਤਿਹਾਸ ਸਾਡੇ ਸਾਹਮਣੇ ਹੈ। ਦਸ਼ਮੇਸ਼ ਪਿਤਾ ਦੇ ਪੰਜ ਤੇ ਸੱਤ ਸਾਲ ਦੀ ਉਮਰ ਦੇ ਬੱਚਿਆਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਉਹਨਾਂ ਜੀਵਨ ਦੇ ਸਭ ਸੁੱਖ ਅਰਾਮ ਦੇ ਲਾਲਚਾਂ ਨੂੰ ਠੁਕਰਾਇਆ ਅਤੇ ਧਰਮ ਨੂੰ ਤਿਲਾਂਜਲੀ ਦੇਣ ਨਾਲੋਂ ਮੌਤ ਨੂੰ ਪ੍ਰਵਾਨ ਕੀਤਾ। ਮਾਤਾ ਪਿਤਾ ਮਗਰੋਂ ਸਾਡੀਆਂ ਵਿਦਿਅਕ ਸੰਸਥਾਵਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਨੂੰ ਠੀਕ ਵਿਦਿਆ ਦੇਕੇ ਉਹਨਾਂ ਨੂੰ ਸਿੱਖ ਸਭਿਆਚਾਰ ਨਾਲ ਜੋੜਨ।

# ਕੌਮਾਂ ਤੇ ਨੌਜਵਾਨ ਪੀੜ੍ਹੀ

ਕਿਸੇ ਕੌਮ ਦੀ ਚੜ੍ਹਤ ਦਾ ਅੰਦਾਜ਼ਾ ਉਸ ਕੌਮ ਦੀ ਅਮੀਰੀ ਤੋਂ ਨਹੀ ਲਗਾਇਆ ਜਾਂਦਾ, ਸਗੋਂ ਉਸ ਕੌਮ ਦੀ ਨਵੀਂ ਪਨੀਰੀ ਦੀ ਸੰਭਾਲ ਤੋਂ ਲਗਾਇਆ ਜਾਂਦਾ ਹੈ। ਕਿਸੇ ਕੌਮ ਦਾ ਇਤਿਹਾਸ ਪੁਸਤਕ 'ਚ ਕੇਵਲ ਛਾਪ

ਦੇਣਾ ਹੀ ਕਾਫੀ ਨਹੀਂ ਹੁੰਦਾ, ਸਗੋਂ ਉਸ ਨੂੰ ਆਉਣ ਵਾਲੀ ਨਵੀਂ ਪੀੜ੍ਹੀ ਤਕ ਪਹੁੰਚਾਉਣਾ ਵੀ ਉਤਨਾ ਹੀ ਜ਼ਰੂਰੀ ਹੁੰਦਾ ਹੈ ਤਾਂ ਜੋ ਉਹ ਇਸ ਤੋਂ ਸੇਧ ਲੈ ਸਕੇ। ਵਿਰਸੇ ਤੇ ਮਾਣ ਕਰਨ ਨਾਲ ਹੀ ਕੌਮੀਅਤ ਦੀ ਭਾਵਨਾ ਪੈਦਾ ਹੁੰਦੀ ਹੈ। ਜਿਸ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਹਸਤੀ, ਆਪਣੇ ਵਿਰਸੇ ਅਤੇ ਆਪਣੇ ਅਸਲੇ ਦਾ ਗੌਰਵ ਨਾ ਹੋਵੇ, ਤਾਂ ਉਸ ਕੌਮ ਦੀ ਹੋਂਦ ਦਾ ਮਿਟ ਜਾਣਾ, ਉਸਦੇ ਸਭਿਆਚਾਰ ਦਾ ਅਲੋਪ ਹੋ ਜਾਣਾ ਅਤੇ ਉਸ ਕੌਮ ਦੀ ਅਣਖ ਦਾ ਖਤਮ ਹੋ ਜਾਣਾ ਕੁਦਰਤੀ ਹੈ। ਬੱਚੇ ਕਿਸੇ ਕੌਮ ਦੀ ਮਰਦਾਨਗੀ ਦਾ ਖਜ਼ਾਨਾ ਹੁੰਦੇ ਹਨ। ਜਿਹੜੀ ਕੌਮ ਆਪਣੇ ਏਸ ਖ਼ਜ਼ਾਨੇ ਦੀ ਰਾਖੀ ਨਹੀਂ ਕਰਦੀ, ਉਹ ਕੌਮ ਨਿਰਧਨ ਤੇ ਨਿਰਬਲ ਰਹਿੰਦੀ ਹੈ।

ਕੋਈ ਕੌਮ, ਕੋਈ ਸਮਾਜ ਜਾਂ ਕੋਈ ਮੁਲਕ ਉਤਨੇ ਹੀ ਸਤਿਕਾਰ ਯੋਗ ਹੋਣਗੇ, ਜਿਤਨੇ ਸਨਮਾਨ ਨਾਲ ਉਹ ਆਪਣੇ ਬੱਚਿਆਂ ਦੀ ਪਾਲਨਾ ਕਰਦੇ ਹਨ। ਬੱਚਿਆਂ ਦੀ ਪਰਵਰਿਸ਼ ਤੋਂ ਕਿਸੇ ਮੁਲਕ ਜਾਂ ਕੌਮ ਦੇ ਭਵਿੱਖ ਦਾ ਬਹੁਤ ਹੱਦ ਤਕ ਅਨੁਮਾਨ ਲੱਗ ਜਾਂਦਾ ਹੈ। ਬੱਚੇ ਕਿਸੇ ਭਾਈਚਾਰੇ ਜਾਂ ਕੌਮ ਦੀ ਨੀਂਹ ਹੁੰਦੇ ਹਨ। ਪੱਕੀ ਨੀਂਹ 'ਤੇ ਹੀ ਵੱਡਾ ਮਹੱਲ ਉਸਾਰਿਆ ਜਾ ਸਕਦਾ ਹੈ। ਕੱਚੀ ਨੀਂਹ 'ਤੇ ਸਧਾਰਣ ਉਸਾਰੀ ਵੀ ਪਾਟ ਜਾਂਦੀ ਹੈ। ਕਿਸੇ ਕੌਮ ਦੀ ਤਕਦੀਰ ਉਸ ਕੌਮ ਦੇ ਮਾਪਿਆਂ ਦੇ ਹੱਥਾਂ 'ਚ ਹੁੰਦੀ ਹੈ। ਜਿਨ੍ਹਾਂ ਕੌਮਾਂ ਨੇ ਬੱਚੇ ਦੀ ਮਹਾਨਤਾ ਨੂੰ ਪਛਾਣ ਲਿਆ ਹੈ, ਉਹਨਾਂ ਨੇ ਜ਼ਿੰਦਗੀ ਦੇ ਸਾਰੇ ਕੰਮ ਬੱਚੇ ਦੀ ਪਰਵਰਿਸ਼ ਦੇ ਅਧੀਨ ਕਰ ਦਿੱਤੇ ਹਨ।

## ਨਸ਼ਈ ਬਣ ਚੁੱਕੇ ਨੌਜਵਾਨ

ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਬਹੁਤ ਵੱਧ ਚੁੱਕੀ ਹੈ। ਨੌਜਵਾਨ ਪੀੜ੍ਹੀ 'ਤੇ ਇਹਨਾਂ ਦਾ ਬਹੁਤ ਅਸਰ ਪਿਆ ਹੈ। 8 ਅਪ੍ਰੈਲ 2001 ਦੇ ਟ੍ਰਿਬਿਊਨ ਵਿੱਚ ਪੰਜਾਬ ਸਿਹਤ ਵਿਭਾਗ ਵਲੋਂ ਛਪੇ ਸਰਵੇਖਣ ਮੁਤਾਬਕ ਸੂਬੇ ਦਾ ਹਰ ਤੀਜਾ ਵਿਦਿਆਰਥੀ ਅਤੇ ਹਰ ਸੱਤਵੀਂ ਵਿਦਿਆਥਣ ਨੇ ਨਸ਼ਿਆਂ ਦਾ ਸਵਾਦ ਚੱਖਿਆ ਹੋਇਆ ਹੈ। ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਮੰਨਿਆ ਕਿ ਸਥਿਤੀ ਸੱਚਮੁੱਚ ਚਿੰਤਾ ਜਨਕ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ 48% ਪੇਂਡੂ ਨੌਜਵਾਨ ਅਤੇ 53% ਸ਼ਹਿਰੀ ਨੌਜਵਾਨ ਪੂਰੀ ਤਰ੍ਹਾਂ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ।

## ਪੰਜਾਬ 'ਚ ਸ਼ਰਾਬ ਦੀ ਖਪਤ

ਪੰਜਾਬ ਭਰ ਵਿੱਚ 70% ਵਸੋਂ ਕਿਸੇ ਨਾ ਕਿਸੇ ਰੂਪ ਵਿੱਚ ਨਸ਼ਿਆਂ ਦੇ ਕੋਹੜ ਦੀ ਆਦੀ ਹੋ ਚੁੱਕੀ ਹੈ, ਜਿਸ ਦੀ ਜ਼ਿਮੇਵਾਰ ਪੰਜਾਬ ਦੀਆਂ ਸਰਕਾਰਾਂ

ਤੇ ਖਾਸ ਕਰਕੇ ਬਾਦਲ ਦੀ ਪੰਥਕ ਸਰਕਾਰ ਹੀ ਹੈ। ਜਿਸ ਨੇ ਪੰਜਾਬ 'ਚ ਪੰਜ-ਪੰਜ ਸੌ ਗਜ਼ 'ਤੇ ਠੇਕਾ ਖੋਲ੍ਹ ਰੱਖਿਆ ਹੈ। ਗੁਰੂਆਂ ਦੀ ਧਰਤੀ ਪੰਜਾਬ ਵਿੱਚ ਸ਼ਰਾਬ ਦੀ ਖਪਤ ਭਾਰਤ ਦੇ ਹੋਰਨਾਂ ਸੂਬਿਆਂ ਨਾਲੋਂ ਸਭ ਤੋਂ ਵੱਧ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ 48%ਪੇਂਡੂ ਨੌਜਵਾਨ ਅਤੇ 53%ਸ਼ਹਿਰੀ ਨੌਜਵਾਨ ਪੂਰੀ ਤਰ੍ਹਾਂ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ।

ਕੁਝ ਸਮਾਂ ਪਹਿਲਾਂ ਬਠਿੰਡਾ ਵਿਖੇ ਇਕ ਸਰਵੇਖਣ ਕਰਾਇਆ ਗਿਆ ਤਾਂ ਪਤਾ ਲੱਗਾ ਕਿ ਇਕ ਸੀਮਤ ਇਲਾਕੇ ਵਿੱਚ ਸ਼ਰਾਬ ਦੀਆਂ 50,000 ਬੋਤਲਾਂ ਦੀ ਵਿਕਰੀ ਹੋਈ ਪਰ ਰੱਦੀ ਇਕੱਠੀ ਕਰਨ ਵਾਲਿਆਂ ਨੇ ਲੋਕਾਂ ਪਾਸੋਂ ਇਕ ਲੱਖ ਬੋਤਲਾਂ ਖਰੀਦੀਆਂ। ਬਾਕੀ ਦੀਆਂ ਪੰਜਾਹ ਹਜ਼ਾਰਾਂ ਸਮਗਲਿੰਗ ਰਾਹੀਂ ਹੀ ਆਈਆਂ ਹੋਣਗੀਆਂ।

## ਚੋਣਾਂ ਸਮੇਂ ਵਰਤੇ ਜਾਂਦੇ ਨਸ਼ੇ

ਚੋਣਾਂ ਭਾਵੇਂ ਪੰਜਾਬ ਅਸੰਬਲੀ ਦੀਆਂ ਹੋਣ, ਲੋਕ ਸਭਾ ਦੀਆਂ ਹੋਣ ਜਾਂ ਸ਼੍ਰੋ.ਗੁ.ਪ੍ਰਬੰਧਕ ਕਮੇਟੀ ਦੀਆਂ ਹੋਣ, ਸਾਡੇ ਆਗੂ ਵੋਟਾਂ ਲੈਣ ਖਾਤਰ ਸ਼ਰਾਬ ਦੇ ਡਰੰਮਾਂ ਦੇ ਡਰੰਮ, ਭੁੱਕੀ ਅਤੇ ਅਫੀਮ ਤਕ ਦੀਆਂ ਛਬੀਲਾਂ ਲਾਉਂਦੇ ਹਨ। ਟਰਾਲੀਆਂ ਭਰ-ਭਰ ਕੇ ਗੁੜ ਵੰਡਦੇ ਹਨ, ਤਾਂ ਜੋ ਸ਼ਰਾਬ ਕੱਢਣ, ਰਜ ਕੇ ਪੀਣ ਅਤੇ ਸ਼ਰਾਬ 'ਚ ਡੁਬ ਕੇ ਮਰਨ। ਕੀ ਸਾਡੇ ਆਗੂ ਸਿੱਖ ਜਵਾਨੀ ਨੂੰ ਸ਼ਰਾਬ 'ਚ ਰੁੜ੍ਹਦੀ ਵੇਖ ਨਹੀ ਰਹੇ? ਕੀ ਗੋਲਕਾਂ ਦਾ ਪੈਸਾ ਸ਼ਰਾਬ 'ਚ ਡੋਬਣ ਵਾਸਤੇ ਹੈ? ਇਹਨਾਂ ਨੂੰ ਪੁੱਛਣਾ ਚਾਹੀਦਾ ਹੈ।

ਪੰਥਕ ਆਗੂਆਂ ਵਲੋਂ ਚੋਣਾਂ ਦੌਰਾਨ ਨਸ਼ੇ ਘਰ ਘਰ ਪਹੁੰਚਾਏ ਜਾਂਦੇ ਹਨ, ਜਿਵੇਂ ਕਿ ਪੰਜਾਬ ਦੇ ਲੋਕ ਸਦੀਆਂ ਤੋਂ ਸ਼ਰਾਬ ਦੇ ਤਿਹਾਏ ਹੋਣ। ਜੇ ਸਾਰੇ ਪੰਜਾਬ ਦਾ ਔਸਤ ਸ਼ਰਾਬ ਦਾ ਖਰਚਾ ਲਾਇਆ ਜਾਵੇ ਤਾਂ ਪੰਜ ਕਰੋੜ ਪ੍ਰਤੀ ਹਲਕਾ ਬਣ ਜਾਏਗਾ। ਇਕ ਅੰਦਾਜ਼ੇ ਅਨੁਸਾਰ ਕੁਲ ਪੰਜਾਬ ਦੀਆਂ ਚੋਣਾਂ ਦੌਰਾਨ ਸ਼ਰਾਬ ਦਾ ਖਰਚਾ 580 ਕਰੋੜ ਰੁਪਏ ਦੇ ਕਰੀਬ ਬਣ ਜਾਂਦਾ ਹੈ। ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਟਿਕਟਾਂ ਲੈਣ ਵਾਸਤੇ ਜੋ ਪੈਸਾ ਖਰਚਦੇ ਹਨ, ਉਹ ਵੱਖਰਾ ਹੁੰਦਾ ਹੈ। ਦੱਸਿਆ ਜਾਂਦਾ ਹੈ ਕਿ ਕੁਝ ਉਮੀਦਵਾਰਾਂ ਨੇ ਟਿਕਟਾਂ ਲੈਣ ਵਾਸਤੇ 2-2 ਕਰੋੜ ਰੁਪਏ ਤਕ ਖਰਚਿਆ। ਇਸ ਪੈਸੇ ਦਾ ਵੱਡਾ ਹਿਸਾ ਸ਼ਰਾਬ ਪਿਆਉਣ ਤੇ ਨਕਦ ਵੋਟਾਂ ਖਰੀਦਣ ਤੇ ਖਰਚਿਆ ਜਾਂਦਾ ਹੈ। ਮੁਕੇਰੀਆਂ ਹਲਕੇ ਵਿੱਚ ਕੁਝ ਲੋਕ ਟਰੱਕ ਸ਼ਰਾਬ ਦਾ ਭਰਕੇ ਪਿੰਡ-ਪਿੰਡ ਇੰਜ ਵੰਡਦੇ ਰਹੇ, ਜਿਵੇਂ ਕਿ ਕੋਈ ਸਮਾਜ ਸੇਵੀ ਦਲ ਜਲ ਦੀ ਕਾਰ ਸੇਵਾ ਕਰ ਰਿਹਾ ਹੋਵੇ।

ਚੋਣ ਦੌਰਾਨ ਇਤਨੀ ਸ਼ਰਾਬ ਵਿਕਦੀ ਹੈ, ਜਿਤਨੀ ਕਿ ਸਾਰੇ ਸਾਲ ਵਿੱਚ ਵਿਕਦੀ ਹੈ। ਚੋਣ ਦੌਰਾਨ ਗੱਲ ਸ਼ਰਾਬ ਤਕ ਹੀ ਸੀਮਤ ਨਹੀਂ ਰਹਿੰਦੀ, ਸਗੋਂ



Sri Satguru Jagjit Singh Ji eLibrary NamdhariElibrary@gmail.com

ਹਰ ਕਿਸਮ ਦੇ ਨਸ਼ਈਆਂ ਦੀ ਲੋੜ ਦਾ ਨਸ਼ਾ ਦੇਣ ਦੀ ਜ਼ਿਮੇਵਾਰੀ ਉਮੀਦਵਾਰ ਆਪਣੇ ਸਿਰ ਲੈ ਲੈਂਦੇ ਹਨ। ਅਫੀਮ ਵਾਲਿਆਂ ਨੂੰ ਅਫੀਮ ਅਤੇ ਭੁੱਕੀ ਵਾਲਿਆਂ ਨੂੰ ਭੁੱਕੀ ਦਿੱਤੀ ਜਾਂਦੀ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਵਿੱਚ ਅਮਲੀਆਂ ਨੂੰ ਵੰਡੀ ਗਈ ਭੁੱਕੀ ਦੀਆਂ ਤਸਵੀਰਾਂ ਵੀ ਅਖਬਾਰਾਂ 'ਚ ਛਪੀਆਂ ਸਨ। ਦੁਆਬੇ ਵਿੱਚ ਇਕ ਉਮੀਦਵਾਰ ਨੇ ਫੈਂਸੀ ਨਾਂ ਦੀ ਨਸ਼ੇ ਵਾਲੀ ਦਵਾਈ ਪੀਣ ਦੇ ਆਦੀ ਮੁੰਡਿਆਂ ਦੀ ਮੰਗ ਪੂਰੀ ਕਰਨ ਲਈ ਫੈਂਸੀ ਦੀਆਂ ਸ਼ੀਸ਼ੀਆਂ ਦੇ ਢੇਰ ਲਾ ਦਿੱਤੇ ਦੱਸੇ ਜਾਂਦੇ ਸਨ। ਉਮੀਦਵਾਰ 50-50 ਟੈਕਸੀਆਂ ਕਿਰਾਏ 'ਤੇ ਲੈਂਦੇ ਹਨ, ਉਨ੍ਹਾਂ ਦੇ ਸਮਰਥਕਾਂ ਦੀਆਂ ਕਾਰਾਂ ਵੀ ਚੱਲਦੀਆਂ ਹਨ ਅਤੇ ਸਭ ਦਾ ਤੇਲ ਉਮੀਦਵਾਰਾਂ ਦੇ ਖਾਤੇ ਵਿੱਚ ਪੈਂਦਾ ਹੈ। ਇਤਨਾ ਖਰਚ ਕਰਨ ਵਾਲੇ ਇਸ ਨਾਲੋਂ ਕਈ ਗੁਣਾ ਵੱਧ ਕਮਾਉਣ ਲਈ ਹੀ ਖਰਚਦੇ ਹਨ।

13 ਫਰਵਰੀ 2002 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਮੁੜ ਜਿੱਤਣ ਦੀ ਲਾਲਸਾ ਅਧੀਨ ਸਰਕਾਰ ਵਲੋਂ ਗੁਪਤ ਸਰਕਾਰੀ ਸਰਕੂਲਰ ਰਾਹੀਂ ਸਾਰੇ ਐਸ.ਐਸ.ਪੀਆਂ.ਨੂੰ ਹੁਕਮ ਜਾਰੀ ਕੀਤੇ ਸਨ ਕਿ ਚੋਣ ਮੁਹਿਮ ਦੌਰਾਨ ਸ਼ਰਾਬ ਦੀਆਂ ਪੇਟੀਆਂ ਖੁੱਲ੍ਹਦਿਲੀ ਨਾਲ ਵਰਤਾਉਣ। ਇਸ ਤੋਂ ਇਲਾਵਾ ਲੋੜ ਅਨੁਸਾਰ ਅਫੀਮ, ਭੁੱਕੀ, ਜ਼ਰਦਾ, ਨਸ਼ੀਲੀਆਂ ਗੋਲੀਆਂ, ਕੈਪਸੂਲ ਅਤੇ ਨਸ਼ੀਲੇ ਟੀਕੇ ਵੀ ਖੁੱਲ੍ਹਦਿੱਲੀ ਨਾਲ ਵਰਤਾਏ ਜਾਣ। ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ 19 ਫਰਵਰੀ 2001 ਨੂੰ ਹੋਈ ਮਜੀਠਾ ਵਿਧਾਨ ਸਭਾ ਹਲਕੇ ਦੀ ਚੋਣ ਸਮੇਂ ਖੁੱਲ੍ਹੇ ਨਸ਼ੇ ਵੰਡ ਕੇ ਹੀ ਜਿੱਤੀ ਗਈ ਸੀ। ਇਕ ਅੰਦਾਜ਼ੇ ਅਨੁਸਾਰ 12 ਕਰੋੜ ਰੁਪਏ ਦੀ ਸ਼ਰਾਬ ਵੰਡੀ ਗਈ ਸੀ ਅਤੇ ਸ਼ਰਾਬਾਂ ਦੇ ਡਰੰਮ ਵੀ ਗੁਰਦੁਆਰਿਆਂ ਵਿੱਚ ਰੱਖੇ ਗਏ ਸਨ।

ਸ਼ਰਾਬ ਦੇ ਡਰੰਮ ਖਾਲੀ ਕਰਨ ਵਾਲੇ ਉਨ੍ਹਾਂ ਸ਼ਰਾਬੀ ਸਿੱਖਾਂ ਦੀ ਹਾਲਤ ਵੇਖਣ ਵਾਲੀ ਹੁੰਦੀ ਹੈ, ਜੋ ਸੜਕਾਂ ਤੇ ਬੇਹੋਸ਼ ਪਏ, ਜੁੱਤੀਆਂ ਕਿਤੇ, ਪੱਗਾਂ ਕਿਤੇ, ਕੇਸ ਖਿਲਰੇ ਹੋਏ ਸਿੱਖੀ ਦਾ ਜਲੂਸ ਕੱਢ ਰਹੇ ਹੁੰਦੇ ਹਨ। ਕੀ ਇਹ ਉਹੀ ਪੰਜਾਬ ਹੈ ਜਿਹੜਾ ਗੁਰਾਂ ਦੇ ਨਾਂ 'ਤੇ ਜਿਊਂਦਾ ਹੈ?

## ਤੰਬਾਕੂ ਦੀ ਨਾਮੁਰਾਦ ਲਾਹਨਤ

ਤੰਬਾਕੂ 'ਚ ਕਾਰਬਨ ਮੋਨੋਆਕਸਾਈਡ, ਨਿਕੋਟੀਨ, ਅਮੋਨੀਆ ਆਦਿ ਬਹੁਤ ਸਾਰੇ ਨੁਕਸਾਨਦਾਇਕ ਰਸਾਇਣ ਹੁੰਦੇ ਹਨ, ਜੋ ਮਨੁੱਖੀ ਸਰੀਰ 'ਤੇ ਬਹੁਤ ਮਾਰੂ ਅਸਰ ਕਰਦੇ ਹਨ। ਕਾਰਬਨ ਮੋਨੋਆਕਸਾਈਡ ਖੂਨ 'ਚੋਂ ਆਕਸੀਜਨ ਦੀ ਮਾਤਰਾ ਨੂੰ ਘਟਾਉਂਦਾ ਹੈ ਅਤੇ ਖੂਨ ਦੀਆਂ ਨਾਲੀਆਂ ਨੂੰ ਤੰਗ ਕਰਦਾ ਹੈ ਜਿਸ ਨਾਲ ਦਿਲ ਦੇ ਹਾਈਪਰਟੈਂਸ਼ਨ ਤੇ ਹਾਰਟ ਅਟੈਕ ਆਦਿ ਦਾ ਖਤਰਾ ਬਣਿਆ ਰਹਿੰਦਾ ਹੈ। ਇਹ ਖੂਨ ਦੀਆਂ ਨਾਲੀਆਂ ਨੂੰ ਸੌੜਾ ਕਰਦੀ ਹੈ। ਜਿਸ

ਨਾਲ ਬਲੱਡ ਪਰੈਸ਼ਰ ਵੱਧ ਜਾਂਦਾ ਹੈ ਅਤੇ ਕਈ ਬੀਮਾਰੀਆਂ ਆ ਘੇਰਦੀਆਂ ਹਨ। ਇਹ ਮਨੁੱਖ ਨੂੰ ਸੁਸਤ, ਬੇਚੈਨ ਅਤੇ ਇਸ ਦੀ ਸੋਚ ਸ਼ਕਤੀ ਨੂੰ ਕਮਜ਼ੋਰ ਕਰਦੀ ਹੈ। ਇਵੇਂ ਹੀ ਅਮੋਨੀਆ ਹਾਜ਼ਮੇ ਨੂੰ ਕਮਜ਼ੋਰ ਕਰਦਾ ਹੈ। ਪਾਇਰੀਡੀਨ ਖੁਰਾਕ ਦੀ ਨਾਲੀ 'ਚ ਖੁਸ਼ਕੀ ਪੈਦਾ ਕਰਦੀ ਹੈ ਜਿਸ ਨਾਲ ਕਬਜ਼ ਹੋ ਜਾਂਦੀ ਹੈ, ਜੋ ਸਾਰੀਆਂ ਬੀਮਾਰੀਆਂ ਦੀ ਜੜ੍ਹ ਹੈ। ਕਾਰਬੋਲਿਕ ਐਸਿਡ ਯਾਦ ਸ਼ਕਤੀ ਦਾ ਖਾਤਮਾ ਕਰਦਾ ਹੈ। ਐਲੀਜ਼ੀਨ ਖੂਨ ਨੂੰ ਗੰਧਲਾ ਕਰਕੇ ਖੂਨ ਦੀਆਂ ਬੀਮਾਰੀਆਂ ਨੂੰ ਜਨਮ ਦਿੰਦਾ ਹੈ।

ਤੰਬਾਕੂ ਸਿਗਰਟਾਂ, ਬੀੜੀਆਂ, ਹੁੱਕੇ, ਚਿਲਮ ਤੋਂ ਇਲਾਵਾ ਪਾਨ 'ਚ ਅਤੇ ਜ਼ਰਦੇ ਦੇ ਰੂਪ 'ਚ ਵੀ ਵਰਤਿਆ ਜਾਂਦਾ ਹੈ। ਇਸ ਦੇ ਵਰਤਣ ਨਾਲ ਫੇਫੜਿਆਂ ਦਾ ਕੈਂਸਰ, ਮੂੰਹ ਜਾਂ ਗਲ੍ਹ ਦਾ ਕੈਂਸਰ ਦੀਆਂ ਬੀਮਾਰੀਆਂ ਆ ਚੰਬੜਦੀਆਂ ਹਨ। ਇਹ ਮਨੁੱਖ ਦੇ ਫੇਫੜਿਆਂ ਨੂੰ ਕਮਜ਼ੋਰ ਹੀ ਨਹੀਂ ਕਰਦਾ ਸਗੋਂ ਨਕਾਰਾ ਬਣਾ ਦਿੰਦਾ ਹੈ। ਫੇਫੜੇ ਸਾਡਾ ਖੂਨ ਸਾਫ ਕਰਦੇ ਹਨ, ਜਿਸ ਨਾਲ ਸਾਡਾ ਸਰੀਰ ਕਾਇਮ ਹੈ। ਔਰਤਾਂ 'ਚ ਬਰੈਸਟ ਕੈਂਸਰ, ਬੱਚੇਦਾਨੀ ਦਾ ਕੈਂਸਰ, ਜਾਂ ਬਾਂਝਪਨ ਹੋਣ ਦੀ ਹੋਰਨਾਂ ਔਰਤਾਂ ਨਾਲੋਂ ਵਧੇਰੇ ਸੰਭਾਵਨਾ ਬਣੀ ਰਹਿੰਦੀ ਹੈ। ਤੰਬਾਕੂਨੋਸ਼ੀ ਕਰਨ ਨਾਲ ਮੂੰਹ ਦੇ ਰੋਗ, ਮਸੂੜਿਆਂ ਦੇ ਰੋਗ, ਸਾਹ ਨਾਲੀਆਂ ਦੀ ਸੋਜ਼ਿਸ਼, ਮੋਤੀਆ ਬਿੰਦ, ਸੁੰਘਣ ਤਾਕਤ ਘਟਣਾ, ਸਹਿਸ਼ੀਲਤਾ ਤੇ ਯਾਦਾਸ਼ਤ ਦਾ ਘਟਣਾ, ਮਰਦਾਂ ਦੀ ਮਰਦਾਨਾ ਤਾਕਤ ਦਾ ਘਟਣਾ, ਪੇਟ ਦੀਆਂ ਬੀਮਾਰੀਆਂ ਅਤੇ ਔਰਤਾਂ 'ਚ ਗਰਭਪਾਤ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਸੰਸਾਰ ਵਸੋਂ ਦਾ ਪੰਜਵਾਂ ਹਿਸਾ ਤੰਬਾਕੂਨੋਸ਼ੀ ਦੀ ਪੂਰੀ ਮਾਰ ਹੇਠ ਆਇਆ ਹੋਇਆ ਹੈ। ਅਮਰੀਕਾ 'ਚ ਹਰ ਸਾਲ ਚਾਰ ਲੱਖ ਚੌਂਤੀ ਹਜ਼ਾਰ ਸਿਗਰਟਨੋਸ਼ੀ ਨਾਲ ਮੌਤਾਂ ਹੁੰਦੀਆਂ ਹਨ। ਇਕ ਰਿਪੋਰਟ ਮੁਤਾਬਕ ਅਮਰੀਕਾ 'ਚ ਹੋਣ ਵਾਲੇ ਕਤਲਾਂ, ਖੁਦਕਸ਼ੀਆਂ, ਸੜਕ ਹਾਦਸਿਆਂ ਅਤੇ ਏਡਜ਼ ਨਾਲ ਮਰਨ ਵਾਲਿਆਂ ਦੀ ਕੁਲ ਗਿਣਤੀ ਨਾਲੋਂ ਸਿਗਰਟ ਪੀਣ ਨਾਲ ਹੋਣ ਵਾਲੇ ਰੋਗਾਂ ਤੋਂ ਹੁੰਦੀਆਂ ਮੌਤਾਂ ਜ਼ਿਆਦਾ ਹੁੰਦੀਆਂ ਹਨ। ਭਾਰਤ ਅੰਦਰ ਤੀਹ ਕਰੋੜ ਲੋਕ ਤੰਬਾਕੂਨੋਸ਼ੀ ਕਰਦੇ ਹਨ। ਉਥੇ ਰੋਜ਼ਾਨਾ ਲਗਭਗ ਤਿੰਨ ਹਜ਼ਾਰ ਵਿਅਕਤੀ ਤੰਬਾਕੂਨੋਸ਼ੀ ਦੇ ਰੋਗਾਂ ਦੇ ਅਸਰ ਨਾਲ ਮਰ ਰਹੇ ਹਨ। ਹਰ ਸਾਲ ਸੱਤ ਲੱਖ ਲੋਕਾਂ ਨੂੰ ਕੈਂਸਰ ਹੁੰਦਾ ਹੈ। ਜਿਨ੍ਹਾਂ 'ਚੋਂ ਇਕ-ਤਿਹਾਈ ਦਾ ਕਾਰਨ ਤੰਬਾਕੂਨੋਸ਼ੀ ਹੁੰਦਾ ਹੈ।

ਲੁਧਿਆਣੇ ਦੇ ਚੋਣਵੇਂ ਸਿੱਖਿਆ ਮਾਹਿਰਾਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਹੈ ਕਿ ਪੰਜਾਬ ਦੇ ਲਗਭਗ ਇਕ ਲੱਖ ਲੋਕ ਹਰ ਸਾਲ ਤੰਬਾਕੂ ਦੇ ਧੂੰਏ ਨਾਲ ਪ੍ਰਭਾਵਤ ਹੋ ਰਹੇ ਹਨ। ਉਹਨਾਂ ਦੱਸਿਆ ਕਿ ਜਿਹੜੇ ਬੱਚੇ ਅੱਜ ਗੁਟਖਾ ਲੈਂਦੇ ਹਨ, ਉਹ ਕੈਂਸਰ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਤਾਂ ਹੋਣੇ ਹੀ ਹਨ, ਉਹ ਨਾਲ ਨਸ਼ਈ ਵੀ ਬਨਣਗੇ। ਪੰਜਾਬ ਵਿੱਚ ਪ੍ਰਤੀ ਮਨੁੱਖ ਸ਼ਰਾਬ ਦੀ ਖਪਤ ਦੁਨੀਆ ਦੇ ਸਭ ਮੁਲਕਾਂ ਨਾਲੋਂ ਵੱਧ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਕੀਤੇ ਗਏ ਸਰਵੇਖਣ ਅਨੁਸਾਰ 66% ਪੰਜਾਬ ਦੇ ਸਕੂਲੀ ਬੱਚੇ ਗੁਟਖਾ (ਤੰਬਾਕੂ) ਖਾਣ ਦੇ ਆਦੀ ਹਨ। ਗੁਟਖਾ ਇਕ ਅਜਿਹਾ ਪਾਨ ਮਸਾਲਾ ਹੈ, ਜਿਸ ਵਿੱਚ ਤੰਬਾਕੂ ਹੁੰਦਾ ਹੈ। ਡਾਕਟਰਾਂ ਅਨੁਸਾਰ ਇਹ ਇਕ ਸ਼ੁਰੂਆਤੀ ਨਸ਼ਾ ਹੈ, ਜੋ ਬੱਚੇ ਅੱਜ ਗੁਟਖਾ ਖਾਂਦੇ ਹਨ, ਉਹ ਕੱਲ੍ਹ ਨੂੰ ਨਾਰਕਾਟਿਕ ਤੇ ਹੋਰ ਡਰੱਗਜ਼ ਦੇ ਵੱਡੇ ਨਸ਼ਈ ਬਣਨਗੇ। ਇਹ ਸਿਰਫ ਇਕ ਰੁਪਏ ਦੇ ਆਕਰਸ਼ਕ ਪੈਕਟਾਂ ਵਿੱਚ ਪੰਜਾਬ ਵਿੱਚ ਵੇਚਿਆ ਜਾ ਰਿਹਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਬੀਬੀ ਸਤਵੰਤ ਕੌਰ ਅਤੇ ਪ੍ਰੋ. ਸਰਬਜੀਤ ਸਿੰਘ ਵਲੋਂ ਵੱਖ-ਵੱਖ ਪਿੰਡਾਂ ਦੇ 6ਵੀਂ ਤੋਂ ਦਸਵੀਂ ਤੱਕ ਪੜ੍ਹਦੇ ਵਿਦਿਆਥੀਆਂ ਦੇ ਸਰਵੇਖਣ ਤੋਂ ਕਈ ਹੈਰਾਨਜਨਕ ਤੱਤ ਸਾਹਮਣੇ ਆਏ ਹਨ। ਸਰਵੇਖਣ ਵਿੱਚ ਸ਼ਾਮਲ ਲਗਪਗ ਸਾਰੇ ਵਿਦਿਆਥੀ (97%) ਗੁਟਖੇ ਤੋਂ ਜਾਣੂ ਸਨ ਅਤੇ ਇਸ ਦੇ ਵੱਖ-ਵੱਖ ਬਰਾਂਡਾਂ ਤੋਂ ਵੀ ਜਾਣੂ ਸਨ। ਅੱਧੇ ਤੋਂ ਵੱਧ ਵਿਦਿਆਥੀਆਂ (60%) ਨੂੰ ਗੁਟਖੇ ਬਾਰੇ ਸਕੂਲ ਵਿੱਚ ਪੜ੍ਹਦੇ ਦੋਸਤਾਂ ਤੋਂ ਹੀ ਜਾਣਕਾਰੀ ਹੋਈ ਅਤੇ ਬਾਕੀਆਂ ਨੂੰ ਟੈਲੀਵਿਜਨ, ਅਖਬਾਰਾਂ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ 'ਤੇ ਲੱਗੇ ਇਸ਼ਤਹਾਰਾਂ ਰਾਹੀਂ ਪਤਾ ਲੱਗਿਆ। ਸਰਵੇਖਣ ਵਿੱਚ ਸ਼ਾਮਲ 65% ਵਿਦਿਆਰਥੀਆਂ ਨੇ 7ਵੀਂ ਅਤੇ 8ਵੀਂ ਜਮਾਤਾਂ ਵਿੱਚ ਪੜ੍ਹਦਿਆਂ ਪਹਿਲੀ ਵਾਰ ਗੁਟਖਾ ਖਾਧਾ। ਲਗਭਗ 30% ਵਿਦਿਆਰਥੀ ਹਰ ਰੋਜ਼ 4 ਪੈਕਟ ਗੁਟਖਾ ਖਾਂਦੇ ਹਨ। 60% ਹਰ ਰੋਜ਼ 2 ਪੈਕਟ ਗੁਟਖਾ ਖਾਂਦੇ ਹਨ।

ਹਾਕਮ ਜਮਾਤ ਵਲੋਂ ਸੋਚੀ ਸਮਝੀ ਸਾਜ਼ਸ਼ ਅਧੀਨ ਪੰਜਾਬ ਵਿੱਚ ਗੁਟਖਾ ਖਾਣ ਦੀ ਆਦਤ ਨੂੰ ਉਕਸਾਇਆ ਜਾ ਹੈ। ਸਕੂਲਾਂ ਦੇ ਨੇੜੇ ਖੋਖਿਆਂ, ਚਾਹ ਸਟਾਲਾਂ ਤੋਂ ਬਿਨਾਂ ਕਰਿਆਨੇ ਤੇ ਸਟੇਸ਼ਨਰੀ ਵਾਲੀਆਂ ਦੁਕਾਨਾਂ ਵਾਲੇ ਵੀ ਵੇਚਣ ਲੱਗ ਪਏ ਹਨ। ਕਈ ਗੁਟਖਾ ਕੰਪਨੀਆਂ ਤਾਂ ਗੁਟਖੇ ਦੀ ਇਸ਼ਤਿਹਾਰਬਾਜ਼ੀ ਪਤੰਗਾਂ 'ਤੇ ਕਰਦੀਆਂ ਹਨ, ਤਾਂ ਜੋ ਨੌਜਵਾਨ ਤੇ ਬੱਚੇ ਇਸ ਦਾ ਸ਼ਿਕਾਰ ਬਣਨ। ਹੈਰਾਨਗੀ ਤਾਂ ਇਸ ਗੱਲ ਦੀ ਹੈ ਕਿ ਗੁਟਖੇ ਦੇ ਪੈਕਟਾਂ 'ਤੇ ਛਪਿਆ ਹੁੰਦਾ ਹੈ ਕਿ ਇਹ ਬੱਚਿਆਂ ਲਈ ਨਹੀਂ ਹੈ, ਫਿਰ ਵੀ ਸਭ ਦੁਕਾਨਦਾਰ ਵੇਚੀ ਜਾਂਦੇ ਹਨ। ਸਰਕਾਰ ਘੇਸਲ਼ ਮਾਰ ਕੇ ਸਿੱਖ ਨਸਲਘਾਤ ਕਰਵਾ ਰਹੀ ਹੈ।

ਪ੍ਰੋ. ਸਰਬਜੀਤ ਸਿੰਘ ਦੀ ਖੋਜ ਅਨੁਸਾਰ ਗੁਟਖਾ ਖਾਣ ਨਾਲ ਨਾ ਕੇਵਲ ਮੂੰਹ ਦਾ ਕੈਂਸਰ ਹੁੰਦਾ ਹੈ, ਸਗੋਂ ਇਹ 20 ਹੋਰ ਵੱਡੀਆਂ ਬਿਮਾਰੀਆਂ ਦਾ ਕਾਰਨ ਵੀ ਬਣਦਾ ਹੈ। ਜਦ ਉਹਨਾਂ ਬੱਚਿਆਂ ਨੂੰ ਮੂੰਹ ਦਾ ਕੈਂਸਰ ਹੋਏ ਮਰੀਜ਼ਾਂ ਦੀਆਂ ਫੋਟੋਆਂ ਵਿਖਾਈਆ ਗਈਆਂ, ਤਾਂ ਉਹਨਾਂ ਗੁਟਖੇ ਦੀ ਆਦਤ ਛੱਡਣ ਬਾਰੇ ਪੁੱਛ-ਗਿੱਛ ਕੀਤੀ ਅਤੇ ਆਪਣੇ ਆਪ ਨੂੰ ਅਤੇ ਆਪਣੇ ਦੋਸਤਾਂ ਨੂੰ ਬਚਾਉਣ ਲਈ ਦ੍ਰਿੜਤਾ ਜ਼ਾਹਰ ਕੀਤੀ। ਜੇ ਮਾਤਾ ਪਿਤਾ, ਅਧਿਆਪਕ ਅਤੇ

ਪ੍ਰਬੰਧਕ ਸੁਚੇਤ ਨਾ ਹੋਏ, ਤਾਂ ਪੰਜਾਬ ਦੇ ਬੱਚੇ ਤੇ ਖਾਸ ਕਰਕੇ ਸਿੱਖ ਬੱਚੇ ਇਸ ਨਾਮੁਰਾਦ ਬਿਮਾਰੀ ਦੇ ਬੁਰੀ ਤਰ੍ਹਾਂ ਸ਼ਿਕਾਰ ਹੋ ਜਾਣਗੇ। ਇਥੇ ਇਹ ਗੱਲ ਖਾਸ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਆਰ.ਐਸ.ਐਸ.ਦੀ ਮਹਾਂਰਾਸ਼ਟਰ ਸਰਕਾਰ ਨੇ ਗੁਟਖੇ ਦੀਆਂ ਫੈਕਟਰੀਆਂ ਬੰਦ ਕਰਵਾ ਦਿੱਤੀਆਂ ਹਨ ਅਤੇ ਨਾਲ ਹੀ ਸਰਕਾਰੀ ਦਫਤਰਾਂ ਤੇ ਸਕੂਲਾਂ ਦੇ 100 ਮੀਟਰ ਦੇ ਘੇਰੇ ਵਿੱਚ ਗੁਟਖੇ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੰਤੀ ਹੈ, ਪਰ ਪੰਜਾਬ ਵਿੱਚ ਨਹੀਂ।

ਤੰਬਾਕੂਨੋਸ਼ੀ ਨਾ ਕਰਨ ਵਾਲੇ ਮਾਪਿਆਂ ਦੇ ਮੁਕਾਬਲੇ ਤੰਬਾਕੂਨੋਸ਼ੀ ਕਰਨ ਵਾਲਿਆਂ ਦੇ ਬੱਚਿਆਂ ਨੂੰ ਬਰੋਨਕਾਇਟਸ, ਦਮਾ, ਨਮੋਨੀਆ ਆਦਿ ਬੀਮਾਰੀਆਂ ਛੇਤੀ ਤੇ ਵੱਧ ਲੱਗਦੀਆਂ ਹਨ। ਤੰਬਾਕੂਨੋਸ਼ੀ ਕਰਨ ਵਾਲੀਆਂ ਗਰਭਵਤੀ ਔਰਤਾਂ ਦੇ ਗਰਭ 'ਚ ਪਲ ਰਹੇ ਬੱਚਿਆਂ 'ਤੇ ਵੀ ਬੁਰਾ ਅਸਰ ਪੈਂਦਾ ਹੈ। ਇਹ ਸਾਬਤ ਹੋ ਚੁੱਕਾ ਹੈ ਕਿ ਜੇ ਸਿਗਰਟ ਨਾ ਪੀਣ ਵਾਲੇ ਨੂੰ ਕਿਸੇ ਸਿਗਰਟ ਪੀਣ ਵਾਲੇ ਦੇ ਕਮਰੇ 'ਚ ਅੱਧਾ ਘੰਟਾ ਬਿਠਾ ਦਿੱਤਾ ਜਾਵੇ, ਤਾਂ ਉਸ ਦੇ ਖ਼ੂਨ 'ਚ ਇਕ ਸਿਗਰਟ ਪੀਣ ਦੇ ਬਰਾਬਰ ਹਾਨੀਕਾਰਕ ਰਸਾਇਣ ਚਲੇ ਜਾਂਦੇ ਹਨ। ਅਮਰੀਕੀ ਕੈਸਂਰ ਸੁਸਾਇਟੀ ਦੀ ਰਿਪੋਰਟ ਮੁਤਾਬਕ ਹਰ ਹਫਤੇ ਇਕ ਹਜ਼ਾਰ ਵਿਅਕਤੀ ਸਿਗਰਟਾਂ ਨਾ ਪੀਣ ਦੇ ਬਾਵਜੂਦ ਸਿਗਰਟਾਂ ਪੀਣ ਵਾਲਿਆਂ ਦੇ ਧੂੰਏ ਤੋਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

'ਦੀ ਹਿੰਦੁਸਤਾਨ ਟਾਈਮਜ਼', ਇਕ ਹਿੰਦੂ ਅਖਬਾਰ ਵਲੋਂ ਦਿੱਤੇ ਗਏ ਹੇਠ ਲਿਖੇ ਅੰਕੜੇ ਸਿੱਖ ਨਸਲਘਾਤ ਦੀ ਮੂੰਹ ਬੋਲਦੀ ਤਸਵੀਰ ਹਨ। ਹੋ ਸਕਦਾ ਹੈ ਕਿ ਇਹਨਾਂ ਅੰਕੜਿਆਂ ਨਾਲੋਂ ਕਈ ਗੁਣਾ ਵੱਧ ਮੌਤਾਂ ਹੋ ਰਹੀਆਂ ਹੋਣ। ਮਰਣ ਵਾਲਿਆਂ 'ਚ 20% ਵਿਦਿਆਰਥੀ ਹਨ। ਇਹ ਅੰਕੜੇ ਇਕੱਲੇ ਅੰਮ੍ਰਿਤਸਰ ਜ਼ਿਲੇ ਬਾਰੇ ਹਨ। ਇਸ ਹਿਸਾਬ ਨਾਲ ਸਾਰੇ ਪੰਜਾਬ 'ਚ ਤਾਂ ਲੱਖ ਦੇ ਨੇੜੇ ਤੇੜੇ ਦੀ ਗਿਣਤੀ ਜਾ ਅਪੜਦੀ ਹੈ। ਇਹਨਾਂ ਦਵਾਈਆਂ ਨਾਲ ਹੋਏ ਬਿਮਾਰ ਤੇ ਨਰਕੀ ਜੀਵਨ ਭੋਗਣ ਵਾਲਿਆਂ ਦੀ ਗਿਣਤੀ ਵੱਖਰੀ ਹੈ। ਏਡਜ਼ ਦੀ ਮਾਰੂ ਬਿਮਾਰੀ ਨੇ ਇਸੇ ਕਰਕੇ ਪੰਜਾਬ 'ਚ ਵੀ ਹੱਲਾ ਬੋਲ ਦਿੱਤਾ ਹੋਇਆ ਹੈ। ਨਸ਼ੀਲੀਆਂ ਦਵਾਈਆਂ ਦੀਆਂ ਸ਼ਿਕਾਰ ਸਕੂਲਾਂ-ਕਾਲਜਾਂ ਦੀਆਂ ਵਿਦਿਆਰਥਣਾਂ ਇਹਨਾਂ ਡਰੱਗਜ਼ ਨੂੰ ਖਰੀਦਣ ਲਈ ਜਿਸਮ ਫਿਰੋਸ਼ੀ ਵੀ ਮਜਬੂਰਨ ਕਰਦੀਆਂ ਹੋਣਗੀਆਂ। ਹੇਠ ਲਿਖੀ ਸੁਰਖੀ ਹੇਠ ਛਪੀ ਖਬਰ ਕੌਮ ਦਾ ਧਿਆਨ ਮੰਗਦੀ ਹੈ:

ਨਸ਼ੀਲੀਆਂ ਦਵਾਈਆਂ ਦੇ ਸ਼ਿਕੰਜੇ 'ਚ ਫਸਿਆ ਅੰਮ੍ਰਿਤਸਰ

'ਪ੍ਰਾਪਤ ਖਬਰਾਂ ਅਨੁਸਾਰ ਇਸ ਸਰਹੱਦੀ ਜ਼ਿਲੇ 'ਚ ਨਸ਼ੀਲੀਆਂ ਵਸਤੂਆਂ ਦਾ ਪ੍ਰਯੋਗ ਖਤਰਨਾਕ ਦਰ ਨਾਲ ਵੱਧ ਰਿਹਾ ਹੈ। 14 ਤੋਂ 25 ਸਾਲ ਤਕ ਦੀ ਉਮਰ ਦੇ ਸਕੂਲਾਂ, ਕਾਲਜਾਂ ਯੂਨੀਵਰਸਿਟੀਆਂ ਦੇ ਵਿਦਿਆਰਥੀ, ਵਪਾਰੀ, ਰਿਕਸ਼ਾ ਵਾਹੁਣ ਵਾਲੇ, ਬੱਸਾਂ ਦੇ ਡਰਾਈਵਰ-ਕੰਡਕਟਰ ਬੜੀ ਵੱਡੀ ਗਿਣਤੀ 'ਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰ ਰਹੇ ਹਨ। ਜਵਾਨ

www.archive.org/details/namdhari

ਲੜਕੀਆਂ,ਨਰਸਾਂ ਤੇ ਬਸਤੀਆਂ 'ਚ ਰਹਿਣ ਵਾਲੀਆਂ ਔਰਤਾਂ ਆਪਣੀਆਂ ਮੁਸ਼ਕਲਾਂ ਵਾਲੀ ਜ਼ਿੰਦਗੀ ਤੋਂ ਬਚਣ ਲਈ ਨਸ਼ੀਲੀਆਂ ਦਵਾਈਆਂ ਪ੍ਰਯੋਗ 'ਚ ਲਿਆ ਰਹੀਆਂ ਹਨ।'

ਨਸ਼ੀਲੀਆਂ ਦਵਾਈਆਂ ਬਾਰੇ ਜਾਣਕਾਰੀ ਦਿੰਦਿਆਂ ਅੱਗੇ ਲਿਖਦਾ ਹੈ:

'ਇਸ ਜ਼ਿਲ੍ਹੇ ਦੇ ਨਸ਼ਈ ਕੁਦਰਤੀ ਤੇ ਕਾਰਖਾਨਿਆਂ 'ਚ ਬਣੀਆਂ ਦੋਵੇਂ ਕਿਸਮ ਦੀਆਂ ਨਸ਼ੀਲੀਆਂ ਵਸਤੂਆਂ ਵਰਤਦੇ ਹਨ। ਕੋਕੇਨ, ਅਫੀਮ, ਹੈਰੋਇਨ ਤੇ ਸਮੈਕ ਜ਼ਿਆਦਾ ਵਰਤੋਂ 'ਚ ਆ ਰਹੀਆਂ ਹਨ ਕਿਉਂਕਿ ਇਹ ਪਿੰਡਾਂ ਤੇ ਆਮ ਥਾਵਾਂ ਤੇ ਬੜੀ ਅਸਾਨੀ ਨਾਲ ਮਿਲ ਜਾਂਦੀਆਂ ਹਨ। ਕਿਉਂਕਿ ਹੁਣ ਅਫੀਮ ਤੇ ਹੈਰੋਇਨ ਜ਼ਿਆਦਾ ਮਹਿੰਗੀਆਂ ਹੁੰਦੀਆਂ ਜਾਂਦੀਆਂ ਹਨ,ਇਸ ਲਈ ਟੀਕੇ ਤੇ ਹੋਰ ਨਸ਼ੀਲੀਆਂ ਦਵਾਈਆਂ ਜੋ ਬਜ਼ਾਰ 'ਚ ਅਸਾਨੀ ਨਾਲ ਮਿਲ ਜਾਂਦੀਆਂ ਹਨ,ਨੌਜਵਾਨਾਂ ਵਲੋਂ ਵਰਤੀਆਂ ਜਾ ਰਹੀਆਂ ਹਨ। ਨੌਜਵਾਨ ਸਿੱਧੇ ਨਾੜ 'ਚ ਲੱਗਣ ਵਾਲੇ ਟੀਕਿਆਂ ਦੀ ਵਰਤੋਂ ਕਰਦੇ ਹਨ। ਇਹ ਬੜਾ ਮਾਰੂ ਸਾਬਤ ਹੋ ਸਕਦਾ ਹੈ ਕਿਉਂਕਿ ਇਸ ਤੋਂ ਐਚ.ਆਈ.ਵੀ.(ਏਡਜ਼) ਵਾਇਰਸ ਫੈਲ ਸਕਦੀ ਹੈ।'

ਅੱਗੇ ਇਹਨਾਂ ਨਸ਼ੀਲੀਆਂ ਦਵਾਈਆਂ ਦੇ ਖੌਫਨਾਕ ਸਿੱਟਿਆਂ ਦੀ ਜਾਣਕਾਰੀ ਦੇਂਦਿਆਂ ਦਿਖਦਾ ਹੈ:

'ਹਰ ਸਾਲ 10 ਸਾਲ ਤੋਂ 35 ਸਾਲ ਦੀ ਉਮਰ ਤਕ ਦੇ 5000 ਪ੍ਰਾਣੀ ਇਹਨਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਕੇ ਮਰ ਰਹੇ ਹਨ। ਇਹਨਾਂ 5000 ਮਰਣ ਵਾਲਿਆਂ 'ਚੋਂ 1200 ਮਰਣ ਵਾਲੇ ਵਿਦਿਆਰਥੀ 16 ਤੋਂ 21 ਸਾਲ ਤਕ ਦੀ ਉਮਰ ਦੇ ਹਨ। ਹੁਣ ਮਰਣ ਵਾਲਿਆਂ ਦੀ ਗਿਣਤੀ ਹੋਰ ਵੀ ਤੇਜ਼ੀ ਨਾਲ ਵੱਧ ਰਹੀ ਹੈ। ਨਾੜਾਂ ਰਾਹੀਂ ਨਸ਼ੀਲੇ ਟੀਕੇ ਲਾਉਣ ਵਾਲਿਆਂ ਸਬੰਧੀ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦਾ ਕਹਿਣਾ ਹੈ ਕਿ ਇਹਨਾਂ 'ਚੋਂ 50% ਤੋਂ ਜ਼ਿਆਦਾ ਲੋਕ ਐ.ਆਈ.ਵੀ.(ਏਡਜ਼ ਵਾਇਰਸ) ਦਾ ਸ਼ਿਕਾਰ ਹਨ। ਨਸ਼ੀਲੀਆਂ ਦਵਾਈਆਂ ਵਰਤਣ ਵਾਲੇ ਅਸਲ 'ਚ ਹੋਰ ਵੀ ਲਿੰਗ ਸਬੰਧੀ ਬੀਮਾਰੀਆਂ ਦਾ ਸ਼ਿਕਾਰ ਹਨ।'

('ਦੀ ਹਿੰਦੁਸਤਾਨ ਟਾਈਮਜ਼' 16 ਜੂਨ 1997)

ਰੇਵਲੇ ਸਟੇਸ਼ਨਾਂ,ਬੱਸ ਅੱਡਿਆਂ,ਪਾਰਕਾਂ,ਸੜਕਾਂ ਅਤੇ ਬਾਜ਼ਾਰਾਂ ਵਿੱਚ ਬੀੜੀਆਂ ਸਿਗਰਟਾਂ ਦਾ ਧੂੰਆਂ ਜਬਰੀ ਸਿੱਖਾਂ ਦੀਆਂ ਨਾਸਾਂ ਵਿੱਚ ਚਾੜ੍ਹਿਆ ਜਾ ਰਿਹਾ ਹੈ। ਬੱਸਾਂ, ਰੇਲਗੱਡੀਆਂ, ਸਕੂਟਰਾਂ-ਸਾਈਕਲਾਂ 'ਤੇ ਸਫਰ ਕਰਨ ਸਮੇਂ ਮੱਲੋਮੱਲੀ 'ਜਗਤਜੂਠ' ਦਾ ਧੂੰਆਂ ਅੰਦਰ ਲੰਘਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਹਰ ਥਾਂ ਸਿਗਰਟਾਂ ਬੀੜੀਆਂ ਦੇ ਟੁਕੜੇ ਅਤੇ ਪਾਨ ਦੀਆਂ ਸੁੱਟੀਆਂ ਗਈਆਂ [illegible] ਥਾਵਾਂ ਦੀ ਹਾਲਤ [illegible]

Sri Satguru Jagjit Singh Ji eLibrary NamdhariElibrary@gmail.com

ਅਖੌਤੀ ਪੰਥਕ ਅਕਾਲੀ ਸਰਕਾਰ ਦੀ ਮਿਲੀਭੁਗਤ ਨਾਲ ਅਤੇ ਉਹਨਾਂ ਦੇ ਨੱਕ ਹੇਠਾ ਹੁੰਦਾ ਰਿਹਾ ਹੈ।

ਪਹਿਲਾਂ ਪੰਜਾਬ ਨੂੰ ਸ਼ਰਾਬ ਵਿੱਚ ਡੋਬਿਆ ਗਿਆ ਤੇ ਹੁਣ ਤੰਬਾਕੂ ਦੀ ਖਪਤ ਵਿੱਚ ਵੀ ਮੋਹਰੀ ਬਣਨ ਵਾਲਾ ਹੈ। ਲੁਧਿਆਣੇ ਵਿੱਚ ਤਾਂ ਹੁਣ ਇਸ ਗੱਲ ਦੀ ਚਰਚਾ ਹੈ ਕਿ ਉਥੇ ਸਰਕਾਰ ਤੰਬਾਕੂ ਦੀ ਫੈਕਟਰੀ ਲਾਉਣ ਵਾਲੀ ਹੈ ਤਾਂ ਜੋ ਰਹਿੰਦੀ-ਖੂੰਹਦੀ ਕਸਰ ਪੂਰੀ ਕੀਤੀ ਜਾ ਸਕੇ। ਧੋਤੀ-ਟੋਪੀ ਦਾ ਸਭਿਆਚਾਰ ਜ਼ੋਰ-ਸ਼ੋਰ ਨਾਲ ਵਾਧੇ ਵਿੱਚ ਹੈ। ਪ੍ਰਚਲਤ ਲੇਬਰ ਨਾਲੋਂ ਅੱਧੇ ਰੇਟ ਤੇ ਕੰਮ ਕਰ ਰਹੇ ਭਈਆਂ ਨੂੰ ਹੀ ਹਰ ਥਾਂ ਹਿੰਦੂ ਸਨਅਤਕਾਰ ਕੰਮ ਦੇ ਰਹੇ ਹਨ। ਸਰਕਾਰ ਵੀ ਹਿੰਦੂਆਂ ਦੀ ਅਤੇ ਸਨਅਤ ਵੀ ਹਿੰਦੂ ਵਪਾਰੀਆਂ ਦੀ। ਪੰਜਾਬ ਅੰਦਰ ਹਿੰਦੂ ਗਿਣਤੀ ਵਧਾਉਣ ਲਈ ਭਈਆਂ ਨੂੰ ਹਰ ਸਰਕਾਰੀ ਤੇ ਪ੍ਰਾਈਵੇਟ ਅਦਾਰੇ ਵਿੱਚ ਪਹਿਲ ਦੇ ਆਧਾਰ ਤੇ ਰੱਖਿਆ ਜਾਂਦਾ ਹੈ। ਚਾਹੇ ਰੇਲਕੋਚ ਫੈਕਟਰੀ ਹੋਵੇ, ਚਾਹੇ ਬਠਿੰਡੇ ਦਾ ਤੇਲ ਸੋਧਕ ਕਾਰਖਾਨਾ ਹੋਵੇ, ਚਾਹੇ ਸਾਈਕਲਾਂ ਦਾ ਕਾਰਖਾਨਾ ਹੋਵੇ ਤੇ ਚਾਹੇ ਰਾਜਾਸਾਂਸੀ ਦਾ ਹਵਾਈ ਅੱਡਾ ਹੋਵੇ, ਹਰ ਥਾਂ ਯੂ.ਪੀ. ਬਿਹਾਰ ਦੀ ਭਰਤੀ ਪੰਜਾਬੀਆਂ ਨਾਲੋਂ ਦੂਨੀ ਤੋਂ ਵੀ ਵੱਧ ਕੀਤੀ ਜਾਂਦੀ ਹੈ। ਕਈ ਪ੍ਰਾਈਵੇਟ ਅਦਾਰੇ ਤਾਂ ਟੋਟਲ ਭਰਤੀ ਭਈਆਂ ਦੀ ਹੀ ਕਰਦੇ ਹਨ।

ਇਥੇ ਹੀ ਬਸ ਨਹੀਂ, ਹੁਣ ਤਾਂ ਭਈਏ ਗੁਰਦੁਆਰਿਆਂ 'ਚ ਵੀ ਵਾੜੇ ਜਾ ਰਹੇ ਹਨ। ਸਿੱਖੀ ਦੇ ਪ੍ਰਚਾਰਕ ਬਣ ਰਹੇ ਹਨ। ਸੇਵਾਦਾਰਾਂ ਤੋਂ ਇਲਾਵਾ ਗਰੰਥੀ, ਰਾਗੀ, ਢਾਡੀ ਤੇ ਸੰਤ ਬਣੇ ਹੋਏ ਭਈਆਂ ਨੇ ਸਿੱਖੀ ਮਰਿਆਦਾ ਦਾ 'ਭਈਆਕਰਨ' ਕਰਨਾ ਸ਼ੁਰੂ ਕਰ ਦਿੱਤਾ ਹੋਇਆ ਹੈ। ਇਹਨਾਂ ਦਾ ਆਗੂ ਨੂਰਮਹਿਲੀਆ ਆਸ਼ੂਤੋਸ਼ ਭਈਆ ਬਣਕੇ ਉਭਰਿਆ ਹੈ, ਜੋ ਗੁਰਬਾਣੀ ਦੇ ਅਰਥ ਤੋੜ-ਮਰੋੜ ਕੇ ਆਪਣੀ ਸਿੱਖੀ ਬਣਾਈ ਬੈਠਾ ਹੈ ਅਤੇ ਸਿੱਖਾਂ ਦੇ ਗਾਤਰੇ ਲੁਹਾਈ ਜਾ ਰਿਹਾ ਹੈ। ਇਸੇ ਤਰ੍ਹਾਂ ਦੇ 15-20 ਹੋਰ ਭਈਏ ਵੀ 'ਸੰਤਗੀਰੀ' ਦੇ ਚੋਲੇ ਪਾ ਕੇ ਭੋਲੇ ਭਾਲੇ ਸਿੱਖਾਂ ਨੂੰ ਲੁੱਟ ਰਹੇ ਹਨ। ਰੁਜ਼ਗਾਰ ਦੇ ਨਾਂ ਤੇ ਆਏ ਭਈਆਂ ਦੀ ਹੁਣ ਇਤਨੀ ਠੁਕ ਬਣ ਗਈ ਹੈ ਕਿ ਉਹ ਆਪਣੀ ਸਿੱਖੀ ਪੈਦਾ ਕਰਨ ਲੱਗ ਗਏ ਹਨ।

ਪੰਜਾਬ ਵਿੱਚ ਇਤਨੇ ਭਈਏ ਆ ਜਾਣ ਨਾਲ ਹੁਣ ਪੰਜਾਬ ਦੇ ਪਾਣੀਆਂ ਵਿੱਚ ਬੀੜੀਆਂ ਸਿਗਰਟਾਂ ਦੀ ਜ਼ਹਿਰ ਘੁਲ ਰਹੀ ਹੈ। ਪਿੰਡਾਂ ਸ਼ਹਿਰਾਂ ਵਿੱਚ ਪੈਰ-ਪੈਰ ਤੇ ਜ਼ਰਦੇ-ਪਾਨ ਦੀਆਂ ਦੁਕਾਨਾਂ ਖੁਲ੍ਹ ਗਈਆਂ ਹਨ। ਭਈਆਂ ਦੀ ਵੇਖਾ ਵੇਖੀ ਸਿੱਖ ਨੌਜਵਾਨਾਂ ਵਿੱਚ ਵੀ ਜ਼ਰਦੇ ਪਾਨ ਦਾ ਬੋਲਬਾਲਾ ਹੋ ਗਿਆ ਹੈ ਤੇ ਵੱਧ ਰਿਹਾ ਹੈ। ਗੁਰਦੁਆਰਿਆਂ ਅੰਦਰ ਤਨਖਾਹਾਂ ਦੇਕੇ ਬੀੜੀਆਂ ਪੀਣ ਵਾਲੇ ਭਈਆਂ ਤੋਂ ਕੰਮ ਕਰਾ ਕੇ ਸਿੱਖੀ ਸਿਧਾਂਤਾਂ ਨੂੰ ਚੰਗਾ ਤਕੜਾ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਆਏ ਦਿਨ ਗੋਲਕਾਂ ਦੇ ਤਾਲੇ ਟੁੱਟਣ ਦੀਆਂ ਘਟਨਾਵਾਂ ਵਿੱਚ ਇਹਨਾਂ ਦੀ ਸ਼ਮੂਲੀਅਤ ਸਾਹਮਣੇ ਆ ਰਹੀ ਹੈ।

ਅੱਜ ਪੱਛਮੀ ਦੇਸ਼ ਤਮਾਕੂ ਦੀ ਲਾਹਨਤ ਤੋਂ ਬਚਣ ਲਈ ਕਈ ਕਿਸਮ ਦੇ ਉਪਰਾਲੇ ਕਰ ਰਹੇ ਹਨ। ਬੱਸਾਂ, ਰੇਲ ਦਿਆਂ ਡੱਬਿਆਂ 'ਚ ਅਤੇ ਦਫਤਰਾਂ 'ਚ ਇਸ ਦੇ ਸੇਵਨ 'ਤੇ ਪਾਬੰਦੀਆਂ ਲਾ ਰਹੇ ਹਨ। ਸਾਡੇ ਮਹਾਨ ਦੂਰਦਰਸ਼ਕ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸਾ ਸਾਜਨਾ ਸਮੇਂ ਤੰਬਾਕੂ ਨੂੰ ਨਾਮੁਰਾਦ ਜਗਤਜੂਠ ਦੱਸ ਕੇ ਸਿੱਖਾਂ ਨੂੰ ਇਸ ਲਾਹਨਤ ਤੋਂ ਦੂਰ ਰਹਿਣ ਦੇ ਆਦੇਸ਼ ਦਿੱਤੇ ਸਨ। ਆਪ ਜੀ ਨੇ ਤਾਂ ਨੜੀਮਾਰ ਅਥਵਾ ਹੁੱਕਾ ਤਮਾਕੂ ਪੀਣ ਵਾਲਿਆਂ ਦੇ ਹੱਥ ਦਾ ਖਾਣਾ ਵੀ ਗੁਰਸਿੱਖ ਲਈ ਸਖਤ ਮਨ੍ਹਾ ਕਰ ਦਿੱਤਾ ਹੋਇਆ ਹੈ। ਤੰਬਾਕੂਨੋਸ਼ੀ ਸਿੱਖ ਰਹਿਤ ਮਰਯਾਦਾ 'ਚ ਬੱਜਰ ਕੁਰਹਿਤ ਹੈ। ਹਰ ਸਾਲ 31 ਮਈ ਨੂੰ ਸੰਸਾਰ ਭਰ 'ਚ No tobacco day ਮਨਾਇਆ ਜਾਂਦਾ ਹੈ। ਇਕ ਸਿਗਰਟ ਪੀਣ ਨਾਲ ਮਨੁੱਖ ਦੀ ਪੰਜ ਮਿੰਟ ਉਮਰ ਘੱਟ ਜਾਂਦੀ ਹੈ।

## ਸਿੱਖ ਕੌਮ ਨਿਘਾਰ ਵੱਲ ਕਿਉਂ ?

ਜਿਸ ਕੌਮ ਅੰਦਰ ਮਨੁੱਖੀ ਗੁਣਾਂ ਨਾਲੋਂ ਧਨ ਦੀ ਕਦਰ ਵੱਧ ਹੋਣ ਲੱਗ ਪਏ, ਗੁਣਵਾਨ ਦੀ ਥਾਂ ਧਨਵਾਨ ਨੂੰ ਆਗੂ ਬਨਾਣਾ ਸ਼ੁਰੂ ਹੋ ਜਾਏ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਕੌਮ ਦੇ ਸਦਾਚਾਰਕ ਜੀਵਨ ਵਿੱਚ ਪਤਨ ਆ ਚੁੱਕਾ ਹੈ। ਸਦਾਚਾਰਕ ਜੀਵਨ ਵਿੱਚ ਪਤਨ ਉਦੋਂ ਆਉਂਦਾ ਹੈ, ਜਦੋਂ ਧਾਰਮਿਕ ਜੀਵਨ ਵਿੱਚ ਪਤਨ ਆ ਜਾਂਦਾ ਹੈ ਅਤੇ ਸੁਆਰਥ ਮਨੁੱਖ ਦਾ ਧਰਮ ਬਣ ਜਾਂਦਾ ਹੈ, ਜਿਹੜਾ ਮਨੁੱਖ ਨੂੰ ਨਕੇਲ ਪਾਈ ਜਿਧਰ ਚਾਹੁੰਦਾ ਹੈ, ਖਿਚੀ ਫਿਰਦਾ ਹੈ। ਜਿਥੇ ਮਾਇਆ ਪ੍ਰਧਾਨ ਹੈ, ਉਥੇ ਹਉਮੈਂ ਪ੍ਰਧਾਨ ਬਣ ਜਾਂਦੀ ਹੈ। ਜਿਥੇ ਹਉਮੈਂ ਪ੍ਰਧਾਨ ਹੈ, ਉਥੇ ਮਨਮਤ ਦਾ ਰਾਜ ਬਣ ਜਾਂਦਾ ਹੈ। ਮਨਮਤ, ਮਾਇਆ, ਅਧਿਕਾਰ ਤੇ ਅਖ਼ਤਿਆਰ ਹੀ ਮਨੁੱਖ ਨੂੰ ਡੇਗਣ ਦਾ ਕਾਰਨ ਬਣਦੇ ਹਨ।

ਜਦ ਗੁਣਵਾਨ ਦੀ ਥਾਂ ਧਨਵਾਨ ਸੰਭਾਲ ਲੈਂਦੇ ਹਨ, ਤਾਂ ਧਨਵਾਨਾਂ ਦੀ ਮੰਡੀ ਵਿੱਚ ਤਾਂ ਸਭ ਕੁਝ ਵਿਕਦਾ ਹੈ, ਮਨੁੱਖ ਵਿਕਦਾ ਹੈ, ਦੀਨ-ਈਮਾਨ ਵਿਕਦੇ ਹਨ, ਜ਼ਮੀਰਾਂ ਵਿਕਦੀਆਂ ਹਨ, ਇੱਜ਼ਤ-ਆਬਰੂ ਵਿਕਦੀ ਹੈ, ਅਸਮਤਾਂ ਵਿਕਦੀਆਂ ਹਨ ਅਤੇ ਕੌਮਾਂ ਵਿਕਦੀਆਂ ਹਨ ਧਨ ਇੱਕਠਾ ਕਰਨ ਲਈ। ਸਭ ਤੋਂ ਵੱਡੇ ਦੁਖਾਂਤ ਦੀ ਗੱਲ ਇਹ ਹੈ ਕਿ ਸਿੱਖ ਕੌਮ ਨੇ ਕਹਿਰਾਂ ਦੇ ਜ਼ੁਲਮ ਹੰਢਾਉਣ ਉਪਰੰਤ ਵੀ ਕੋਈ ਸਬਕ ਨਹੀਂ ਸਿੱਖਿਆ ਅਤੇ ਅੱਜ ਫਿਰ ਵਾਗਡੋਰ ਉਹਨਾਂ ਕੌਮ ਘਾਤਕਾਂ, ਬੇਗ਼ੈਰਤ ਜ਼ਮੀਰ-ਫ਼ਿਰੋਸ਼ਾਂ ਅਤੇ ਕੌਲੀਚੱਟਾਂ ਦੇ ਹੱਥਾਂ ਵਿੱਚ ਹੈ, ਜਿਨ੍ਹਾਂ ਨੇ ਹੁਣ ਤਕ ਕੌਮ ਨੂੰ ਜ਼ਲਾਲਤ ਦੀ ਖੱਡ 'ਚ ਸੁੱਟਿਆ ਹੈ।

ਸਿੱਖ ਕੌਮ ਸੰਸਾਰ ਦੀ ਇੱਕੋ ਇੱਕ ਕੌਮ ਹੈ, ਜਿਸ ਕੋਲ ਯੋਗਤਾ, ਗੁਣ, ਸੇਵਾ, ਕੁਰਬਾਨੀ ਅਤੇ ਨਿਸ਼ਕਾਮਤਾ ਦੇ ਆਧਾਰ 'ਤੇ ਆਗੂ ਚੋਣ ਕਰਨ ਦਾ ਸ਼ਾਨਦਾਰ ਵਿਰਸਾ ਵੀ ਹੈ ਅਤੇ ਜਿਸ ਨੂੰ ਆਗੂ ਚੋਣ ਕਰਨ ਦੀ

ਅਮਲੀ ਟਰੇਨਿੰਗ ਵੀ ਮਿਲ ਚੁੱਕੀ ਹੈ। ਸਿਖ ਕੌਮ ਹੀ ਦੁਨੀਆ ਦੀ ਅਜਿਹੀ ਅਵੇਸਲੀ ਕੌਮ ਹੈ, ਜਿਹੜੀ ਆਪਣੇ ਇਸ ਸ਼ਾਨਦਾਰ ਵਿਰਸੇ ਨੂੰ ਪਿਠ ਦੇਈ ਬੈਠੀ ਹੈ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਇਮ ਹੋਣ ਤਕ ਸਿੱਖੀ ਦੇ ਬੂਟੇ ਲਈ ਹਮੇਸ਼ਾ ਯੋਗ ਗੁਣਾਂ ਵਾਲੇ ਮਾਲੀ ਦੀ ਚੋਣ ਹੁੰਦੀ ਰਹੀ। ਉਚੇ ਤੇ ਸੁੱਚੇ ਜੀਵਨ ਅਤੇ ਕੁਰਬਾਨੀ ਕਰਨ ਵਾਲੇ ਨਿਸ਼ਕਾਮ ਆਗੂ ਹੀ ਕੌਮ ਦੀ ਅਗਵਾਈ ਕਰਦੇ ਰਹੇ। ਸਿਖ ਕੌਮ ਗੁਰੂ ਦੇ ਦੱਸੇ ਰਾਹਾਂ 'ਤੇ ਚੱਲਦੀ ਰਹੀ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀ ਰਹੀ। ਆਗੂ ਉਹ ਬਣਦੇ ਰਹੇ, ਜਿਹੜੇ ਸਿਖੀ ਜੀਵਨ ਵਾਲੇ ਸਨ, ਕਹਿਣੀ ਤੇ ਕਰਨੀ ਦੇ ਸੰਤੁਲਨ ਵਾਲੇ ਸਨ ਅਤੇ ਸਿੱਖੀ ਜੀਵਨ ਦਾ ਨਮੂਨਾ ਬਣਕੇ ਦੂਜਿਆਂ ਨੂੰ ਪ੍ਰੇਰਨਾ ਦੇਂਦੇ ਰਹੇ। ਇਸ ਦੇ ਬਿਲਕੁਲ ਉਲਟ ਪਿਛਲੇ ਸੱਠਾਂ ਸਾਲਾਂ ਤੋਂ ਸਾਡੀ ਲੀਡਰਸ਼ਿਪ ਨੇ ਆਪਣੀਆਂ ਜ਼ਮੀਰਾਂ ਵੇਚਕੇ, ਗ਼ੁਲਾਮੀ ਕਬੂਲੀ ਹੋਈ ਹੈ। ਨਾ ਇਹਨਾਂ ਨੂੰ ਸਿਖ ਧਰਮ ਨਾਲ ਪਿਆਰ ਹੈ, ਨਾ ਪੰਥ ਨਾਲ ਕੋਈ ਸਨੇਹ ਹੈ ਅਤੇ ਨਾ ਹੀਂ ਕੌਮੀ ਗੌਰਵ ਦਾ ਹੀ ਕੋਈ ਅਹਿਸਾਸ ਹੈ। ਪੰਥ ਦੇ ਨਾਂ 'ਤੇ ਆਪਣੀਆਂ ਲੀਡਰੀਆਂ, ਵਜ਼ੀਰੀਆਂ ਤੇ ਚੌਧਰਾਂ ਕਾਇਮ ਕਰਨੀਆਂ ਇਹਨਾਂ ਦਾ ਪੇਸ਼ਾ ਹੈ।

## ਹੁਣ ਕੀ ਕੀਤਾ ਜਾਏ

ਸਿੱਖ ਧਰਮ ਦੀ ਸ਼ੁਧਤਾ ਕਾਇਮ ਰੱਖਣ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਬੁੱਤ ਪੂਜਾ, ਤਸਵੀਰ ਪੂਜਾ, ਦੇਹਧਾਰੀ ਗੁਰੂ ਦੀ ਪੂਜਾ, ਦੇਵੀ ਦੇਵਤਿਆਂ ਦੀ ਪੂਜਾ, ਮੜ੍ਹੀ ਮਸਾਣਾਂ ਦੀ ਪੂਜਾ, ਨਵੇਂ ਚੰਨ ਨੂੰ ਨਮਸਕਾਰ, ਸੂਰਜ ਨੂੰ ਨਮਸਕਾਰ, ਫੋਕੇ ਕਰਮਕਾਂਡ ਕਰਨੇ, ਛੂਤਛਾਤ ਨੂੰ ਮੰਨਣਾ, ਜ਼ਾਤਪਾਤ ਦੇ ਚੱਕਰ 'ਚ ਪੈਣਾ, ਸਰਾਧਾਂ ਦੇ ਭਰਮ ਭੁਲੇਖਿਆਂ 'ਚ ਪੈਣਾ, ਵਹਿਮਾਂ ਭਰਮਾਂ ਦਾ ਮੰਨਣਾ, ਜੋਤਿਸ਼, ਨੌਰਾਤੇ, ਮੱਸਿਆ, ਪੁੰਨਿਆ, ਇਕਾਦਸੀ ਆਦਿਕ ਦੰਭੀ ਕਰਮ ਕਾਂਡ ਕਰਨ ਦੀ ਸਿੱਖ ਧਰਮ ਮੁਤਾਬਕ ਮਨਾਹੀ ਹੈ। ਪੂਰੀ ਦ੍ਰਿੜਤਾ ਤੇ ਜ਼ੋਰ ਨਾਲ ਇਹਨਾਂ ਦੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ।

ਸਿੱਖੀ ਕਿਰਦਾਰ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਹਰ ਸਿੱਖ ਦੂਜੇ ਸਿੱਖ ਨੂੰ ਗੁਰਫਤਹਿ ਬੁਲਾਣ ਦੀ ਪਿਰਤ ਸੁਰਜੀਤ ਕਰਨ ਦੀ ਲੋੜ ਹੈ। ਸਿੱਖਾਂ ਅੰਦਰ ਇਕ ਦੂਜੇ ਲਈ ਪਿਆਰ ਦੀ ਭਾਵਨਾ ਨਵੇਂ ਸਿਰਿਓਂ ਸੁਰਜੀਤ ਕੀਤੀ ਜਾਏ। ਕੌਮ ਅੰਦਰੋਂ ਖੁਦ.ਗਰਜ਼ੀ ਤੇ ਫੁਟ ਨੂੰ ਦੂਰ ਕਰਨ ਲਈ ਖੁਲ੍ਹੀਆਂ ਵਿਚਾਰਾਂ ਕੀਤੀਆਂ ਜਾਣ।

ਭੈੜੇ ਵਿਚਾਰਾਂ ਜਾਂ ਭੈੜੇ ਵਿਹਾਰ ਦਾ ਕੇਵਲ ਵਿਰੋਧ ਕਰਕੇ ਹੀ ਛੁਟਕਾਰਾ ਨਹੀਂ ਪਾਇਆ ਜਾ ਸਕਦਾ, ਸਗੋਂ ਉਸਾਰੂ ਤੇ ਬਲਵਾਨ ਵਿਚਾਰ ਪੈਦਾ ਕਰਨੇ ਪੈਣਗੇ। ਕਿਸੇ ਵੀ ਉਦੇਸ਼ ਦੀ ਪੂਰਤੀ ਲਈ ਹਿੰਮਤ ਜੁਟਾਉਣ ਦਾ ਫੈਸਲਾ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਅਸੀਂ ਆਪ ਕਰਨਾ ਹੁੰਦਾ ਹੈ। ਹਰ ਮਨੁੱਖ ਨੂੰ ਹਰ ਕੌਮ ਨੂੰ ਸੰਸਾਰ ਵਿੱਚ ਅਨੇਕਾਂ ਫੈਸਲੇ ਕਰਨ ਦੇ ਮੌਕੇ ਮਿਲਦੇ ਹਨ। ਫੈਸਲਾ ਕਰਨਾ ਸੌਖਾ ਹੁੰਦਾ ਹੈ, ਪਰ ਅਮਲ ਕਰਨ ਸਮੇਂ ਅਨੇਕਾਂ ਫੈਸਲੇ ਤੇ ਮੌਕੇ ਗੁਆਚ ਜਾਂਦੇ ਹਨ।

## ਰਹਿਤ ਮਰਯਾਦਾ ਸਖਤੀ ਨਾਲ ਲਾਗੂ ਕੀਤੀ ਜਾਏ

ਕੌਮ ਅੰਦਰ ਵਿਚਾਰਾਂ ਦੀ ਸਾਂਝ ਪੈਦਾ ਕਰਨ ਦੀ ਲੋੜ ਹੁੰਦੀ ਹੈ। ਵਿਚਾਰਾਂ ਦੀ ਸਾਂਝ ਨਾਲ ਹੀ ਪੰਥਕ ਸ਼ਕਤੀ ਬਣਨੀ ਹੈ। ਵਿਚਾਰਾਂ ਦੀ ਸਾਂਝ ਟੁਟ ਜਾਣ ਨਾਲ ਹੀ ਕੋਈ ਪਰਿਵਾਰ ਜਾਂ ਭਾਈਚਾਰਾ ਜਾਂ ਕੌਮ ਸ਼ਕਤੀਹੀਣ ਬਣਦਾ ਹੈ। ਇਸੇ ਹੀ ਸੋਚ ਨੂੰ ਸਾਹਮਣੇ ਰੱਖ ਕੇ ਕੌਮ ਦੇ ਵਿਦਵਾਨਾਂ, ਸੰਪਰਦਾਵਾਂ ਅਤੇ ਆਗੂਆਂ ਨੇ ਮਿਲ ਕੇ ਪੰਥਕ ਮਰਯਾਦਾ ਲਈ ਫੈਸਲੇ ਕੀਤੇ ਸਨ, ਤਾਂ ਜੋ ਇਕਾ ਬਾਣੀ, ਇਕੋ ਗੁਰੂ ਅਤੇ ਇਕੋ ਸ਼ਬਦ ਵਿਚਾਰ ਨਾਲ ਪੰਥਕ ਸ਼ਕਤੀ ਜੁੜ ਸਕੇ।

ਰਹਿਤ ਦਾ ਅਰਥ ਹੈ ਨਿਯਮਬੱਧ ਹੋਣਾ। ਸਾਰਾ ਬ੍ਰਹਿਮੰਡ ਇਕ ਨੇਮ ਵਿੱਚ ਬੱਝਾ ਹੋਇਆ ਹੈ। ਮਨੁੱਖ ਦੀਆਂ ਸਾਰੀਆਂ ਉਲਝਣਾਂ ਤੇ ਪ੍ਰੇਸ਼ਾਨੀਆਂ ਦਾ ਕਾਰਨ ਉਸ ਦਾ ਬੇਨਿਯਮਾ ਹੋਣਾ ਹੈ। ਜਿਸ ਪਰਿਵਾਰ ਵਿੱਚ, ਜਿਸ ਸਕੂਲ ਵਿੱਚ, ਜਿਸ ਅਦਾਰੇ ਵਿੱਚ, ਜਿਸ ਕੌਮ ਵਿੱਚ ਡਸਿਪਲਿਨ ਹੈ, ਉਹ ਹਮੇਸ਼ਾ ਉਨਤੀ ਕਰਦੇ ਹਨ। ਸਿੱਖ ਦੀ ਸਰੀਰਕ ਰਹਿਤ ਲਈ ਪੰਜ ਕਕਾਰਾਂ ਦਾ ਹੋਣਾ ਜ਼ਰੂਰੀ ਹੈ। ਕੇਸਾਧਾਰੀ ਹੋਣਾ, ਕਛਹਿਰਾ, ਕਿਰਪਾਨ, ਕੜਾ ਅਤੇ ਕੰਘਾ। ਮਨ ਦੀ ਰਹਿਤ ਹੈ ਗੁਰਬਾਣੀ ਨੂੰ ਹਿਰਦੇ ਵਿੱਚ ਵਸਾਉਣਾ। ਇਸ ਤਰ੍ਹਾਂ ਹਰ ਸਿੱਖ ਲਈ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਕੇ ਅਤੇ ਬਾਹਰ ਮੁੱਖੀ ਰਹਿਤ ਰੱਖਕੇ ਸਿੱਖੀ ਦੇ ਮੁੱਢਲੇ ਅਸੂਲਾਂ ਦਾ ਧਾਰਨੀ ਹੋਕੇ ਨਿਯਮਬੱਧ ਹੋਣਾ ਹੈ।

ਪੰਜ ਕਕਾਰੀ ਰਹਿਤ ਮਰਯਾਦਾ ਰੱਖਣੀ, ਪੰਜ ਕਕਾਰੀ ਵਰਦੀ ਵਿੱਚ ਸਜਣਾ, ਪੰਜ ਹੀ ਬਾਣੀਆਂ ਦਾ ਪਾਠ ਕਰਨਾ, ਪੰਜਾਂ ਦਾ ਹੀ ਸਨਮਾਨ ਕਰਨਾ, ਪੰਜਾਂ ਦਾ ਹੀ ਫ਼ੈਸਲਾ ਮੰਨਣਾ, ਸਦਾ ਹੀ ਸੱਚਾ ਤੇ ਧਰਮੀ ਜੀਵਨ ਜੀਉਣਾ ਖ਼ਾਲਸੇ ਦਾ ਨੇਮ ਹੈ। ਖ਼ਾਲਸੇ ਨੇ ਆਤਮਿਕ ਤੇ ਸਰੀਰਕ ਦੋਹਾਂ ਪੱਖਾਂ ਤੋਂ ਬਲਵਾਨ ਹੋਕੇ ਵਿਚਰਨਾ ਹੈ ਅਤੇ ਆਪਣੀਆਂ ਮਨ-ਬਿਰਤੀਆਂ ਨੂੰ ਰਹਿਤ ਮਰਯਾਦਾ ਦੇ ਜ਼ਬਤ ਵਿੱਚ ਇਕਸੁਰ ਕਰਨਾ ਹੈ। ਪੰਜ ਕਕਾਰ - ਕੇਸ, ਕੰਘਾ, ਕੜਾ, ਕਛਹਿਰਾ ਅਤੇ ਕ੍ਰਿਪਾਨ, ਖਾਲਸੇ ਦੇ ਸਰੀਰ ਦੇ ਲਾਜ਼ਮੀ ਅੰਗ ਹਨ। ਚਾਰ ਕੁਰਹਿਤਾਂ- ਸਰੀਰ ਦੇ ਕਿਸੇ ਵੀ ਹਿੱਸੇ ਤੋਂ ਕੇਸਾਂ ਦੀ ਬੇ-ਅਦਬੀ ਕਰਨੀ, ਤੰਬਾਕੂ, ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰਨੀ, ਕੁੱਠੇ (ਮਾਸ) ਦੀ ਵਰਤੋਂ ਕਰਨੀ ਅਤੇ ਪਰ-ਇਸਤਰੀ ਦਾ ਗਮਨ ਬੱਜਰ ਪਾਪ ਹਨ। ਰਹਿਤਨਾਮਿਆਂ 'ਚ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਰਹਿਤ ਮਰਯਾਦਾ ਦਾ ਧਾਰਨੀ ਹੋਏ ਬਿਨਾਂ ਕੋਈ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ:



Sri Satguru Jagjit Singh Ji eLibrary NamdhariElibrary@gmail.com

ਰਹਿਤ ਬਿਨਾਂ ਨਹਿ ਸਿਖ ਕਹਾਵੈ। ਰਹਿਤ ਬਿਨਾਂ ਦਰ ਚੋਟਾਂ ਖਾਵੈ।
ਰਹਿਤ ਬਿਨਾਂ ਸੁਖ ਕਬਹੂੰ ਨ ਲਹੈ। ਤਾਂ ਤੇ ਰਹਿਤ ਸੁ ਦ੍ਰਿੜ੍ਹ ਕਰ ਗਹੈ
(ਭਾਈ ਦੇਸਾ ਸਿੰਘ)

ਰਹਿਣੀ ਰਹੇ ਸੋਈ ਸਿਖ ਮੇਰਾ। ਉਹ ਸਾਹਿਬ ਮੈਂ ਉਸ ਕਾ ਚੇਰਾ।
(ਭਾ.ਪ੍ਰਹਿਲਾਦ ਸਿੰਘ)

ਖਾਲਸਾ ਸੋਈ ਸ਼ਸਤਰ ਕਉ ਧਾਰੇ। ਖਾਲਸਾ ਸੋਈ ਦੁਸ਼ਟ ਕਉ ਮਾਰੇ ।
(ਭਾ.ਨੰਦ ਲਾਲ ਸਿੰਘ ਜੀ)

ਸ਼ਸਤਰਹੀਨ ਇਹ ਕਬਹੂੰ ਨ ਹੋਈ। ਰਹਿਤਵੰਤ ਖਾਲਿਸ ਹੈ ਸੋਈ ।
(ਭਾ. ਦੇਸਾ ਸਿੰਘ)

ਸਿੱਖ ਦਾ ਸਮੁੱਚਾ ਜੀਵਨ ਜ਼ਬਤ 'ਚ ਢਾਲਿਆ ਜੀਵਨ ਹੀ ਅਸਲ ਸਿੱਖੀ ਹੈ। ਧੁਰ ਅੰਦਰਲੀ ਆਤਮਿਕ ਪੱਧਰ ਤੋਂ ਲੈਕੇ ਸਰੀਰਕ, ਪਰਿਵਾਰਕ, ਭਾਈਚਾਰਕ ਅਤੇ ਸਮਾਜਕ ਪੱਧਰ ਤਕ ਇਸ ਨੇ ਨੀਯਤ ਜ਼ਬਤ ਦੀ ਪਾਲਣਾ ਕਰਨੀ ਹੈ। ਇਸ ਦਾ ਖਾਣ-ਪੀਣ-ਪਹਿਨਣ,ਇਸ ਦਾ ਕਾਰ-ਵਿਹਾਰ ਅਤੇ ਸਮੁੱਚਾ ਲੋਕ-ਵਰਤਾਰਾ ਜ਼ਬਤ ਅਧੀਨ ਹੈ। ਇਸ ਦਾ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ, ਨਿਤਨੇਮ, ਸਤਸੰਗਤ, ਧਰਮ ਦੀ ਕਿਰਤ, ਵੰਡ ਖਾਣਾ, ਪਰ-ਇਸਤਰੀ ਵੱਲ ਮਾਂ ਭੈਣ ਵਾਲੀ ਭਾਵਨਾ ਰੱਖਣਾ,ਨਸ਼ਿਆ ਦਾ ਤਿਆਗ ਆਦਿ ਸਾਰੇ ਜ਼ਬਤ ਦਾ ਹਿਸਾ ਹਨ। ਇਹੀ ਇਸ ਦੇ ਆਚਰਣ ਘੜਨ ਦੀ ਟਕਸਾਲ ਹੈ।

ਖ਼ਾਲਸੇ ਨੇ ਆਪਣੀ ਰਹਿਤ-ਬਹਿਤ ਵਿੱਚ ਪੂਰਾ ਰਹਿਣਾ ਹੈ, ਆਪਣੇ ਖ਼ਾਲਸਈ ਕਿਰਦਾਰ ਵਿੱਚ ਪੂਰਾ ਰਹਿਣਾ ਹੈ ਅਤੇ ਖ਼ਾਲਸਈ ਜ਼ਬਤ ਦਾ ਪਾਬੰਦ ਰਹਿਣਾ ਹੈ। ਇਸ ਜ਼ਬਤ ਵਿੱਚ ਰਹਿਕੇ ਹੀ ਖ਼ਾਲਸਾ ਜੀਵਨ ਦੇ ਹਰ ਮੈਦਾਨ ਵਿੱਚ ਫ਼ਤਹਿ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਨੇ ਸਿੱਖ ਦੀ ਰਹਿਣੀ ਨੂੰ ਹੀ ਸਤਿਕਾਰ ਦਿੱਤਾ ਹੈ। ਖ਼ਾਲਸਾ ਜ਼ਬਤ ਦੀ ਰਹਿਣੀ ਨੂੰ ਹੀ ਸਿੱਖੀ ਦਾ ਦਰਜਾ ਦਿੱਤਾ ਹੈ। ਜ਼ਬਤ ਦੀ ਰਹਿਣੀ-ਬਹਿਣੀ ਬਿਨਾਂ ਨਾ ਕੋਈ ਸਿੱਖ ਅਖਵਾ ਸਕਦਾ ਹੈ ਅਤੇ ਨਾ ਹੀਂ ਸਿੰਘ। ਜ਼ਬਤ ਵਿੱਚ ਰਹਿਣਾ ਹੀ ਖ਼ਾਲਸਾ ਹੋਣਾ ਹੈ। ਅੰਮ੍ਰਿਤ ਨੇਮ ਅਤੇ ਅੰਮ੍ਰਿਤ ਦੀ ਰਹਿਤ ਮਰਯਾਦਾ ਹੀ ਖ਼ਾਲਸਈ ਜੀਵਨ ਜੀਉਣ ਦਾ ਬਲ ਦੇਂਦੇ ਹਨ। ਨਿੱਤ ਨੇਮ ਦੁਆਰਾ ਰੋਜ਼ ਸਿੱਖ ਨੂੰ ਇਹ ਪ੍ਰੇਰਨਾ ਦਿੱਤੀ ਜਾਂਦੀ ਹੈ ਕਿ ਉਹ ਮਨ,ਬਚਨ,ਕਰਮ ਵਿੱਚ ਸੱਚਾਈ ਦੀ ਵਰਤੋਂ ਕਰੇ। ਜਿਹੜਾ ਮਨੁੱਖ ਨੇਮ ਤੇ ਨਿਯਮ ਅਨੁਸਾਰ ਕਰਮ ਕਰਦਾ ਹੈ, ਉਸ ਦੇ ਹੀ ਕਰਮ ਉਜਲੇ ਹੁੰਦੇ ਹਨ। ਰਹਿਤ ਦੇ ਸਾਰੇ ਨਿਯਮ,ਰਹਿਤ ਦੇ ਸਾਰੇ ਸੰਜਮ ਅਤੇ ਰਹਿਤ ਦੇ ਸਾਰੇ ਜ਼ਬਤ ਮਨੁੱਖ ਦੇ ਸ਼ੁਭ ਅਮਲ ਤੇ ਸ਼ੁਭ ਕਰਮ ਕਰਨ ਵਾਸਤੇ ਹੀ ਬਣਾਏ ਗਏ ਹਨ।

ਦਸ਼ਮੇਸ਼ ਪਿਤਾ ਨੇ ਖ਼ਾਲਸੇ ਦੇ ਉੱਚੇ ਤੇ ਸੁੱਚੇ ਆਦਰਸ਼ ਕਾਇਮ ਕੀਤੇ ਅਤੇ ਉਹਨਾਂ ਇਖ਼ਲਾਕੀ ਮਿਆਰਾਂ 'ਤੇ ਆਪ ਚਲ ਕੇ ਖ਼ਾਲਸੇ ਸਾਹਮਣੇ ਮਿਸਾਲਾਂ

ਕਾਇਮ ਕੀਤੀਆਂ। 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਦੇ ਰੱਬੀ ਫ਼ੁਰਮਾਨ ਅਨੁਸਾਰ ਉਚ ਰਹਿਣੀ ਬਹਿਣੀ ਦੀ ਸ਼ਕਤੀ ਦੇ ਧੁਰੇ ਦਾ ਖ਼ਾਲਸੇ ਨੂੰ ਅਹਿਸਾਸ ਕਰਾਇਆ। ਇਥੋਂ ਤਕ ਕਿ ਰਹਿਣੀ ਬਹਿਣੀ ਵਿੱਚ ਸੰਪੂਰਨ ਖ਼ਾਲਸੇ ਨੂੰ ਗੁਰੂ ਸਾਹਿਬ ਨੇ ਆਪਣਾ ਇਸ਼ਟ ਬਣਾ ਕੇ ਆਪ ਉਸ ਦਾ ਚੇਲਾ ਬਣਨਾ ਲੋਚਣ ਲੱਗ ਪਏ -

ਰਹਿਣੀ ਰਹਹਿ ਸੋਈ ਸਿਖ ਮੇਰਾ॥
ਉਹ ਠਾਕੁਰ ਮੈਂ ਉਸ ਕਾ ਚੇਰਾ॥

ਖ਼ਾਲਸਾ ਇੱਕ ਅਕਾਲ ਪੁਰਖ ਦਾ ਪੁਜਾਰੀ ਹੈ। ਖ਼ਾਲਸੇ ਦੀ ਰਹਿਤ ਮਰਯਾਦਾ ਭਗਤੀ ਆਧਾਰਤ ਵੀ ਹੈ ਅਤੇ ਸ਼ਕਤੀ ਆਧਾਰਤ ਵੀ। ਨਿਸ਼ਾਨਾ ਧਰਮ ਤੇ ਨਿਆਂ ਦਾ ਰੱਖਿਅਕ ਬਣਕੇ ਰਹਿਣਾ ਹੈ। ਭਗਤੀ ਦੇ ਸ਼ਸਤਰ ਨਾਲ ਮਨ-ਬਿਰਤੀਆਂ ਨੂੰ ਜ਼ਬਤ ਵਿੱਚ ਰੱਖਕੇ ਸਬਰਧਾਰੀ ਹੋਣਾ ਹੈ, ਹੁਕਮ ਮੰਨਣਾ ਹੈ ਅਤੇ ਹਰ ਰਜ਼ਾ ਵਿੱਚ ਖ਼ੁਸ਼ ਰਹਿਣਾ ਹੈ। ਅਨਿਆਂ ਤੇ ਜ਼ੁਲਮ ਦਾ ਕ੍ਰਿਪਾਨ ਦੇ ਸ਼ਸਤਰ ਨਾਲ ਮੁਕਾਬਲਾ ਕਰਨਾ ਹੈ। ਕ੍ਰਿਪਾਨ ਧਾਰੀ ਦਾ ਕਿਸੇ ਵੀ ਮਨੁੱਖ ਜਾਂ ਕਿਸੇ ਵੀ ਫ਼ਿਰਕੇ ਨਾਲ ਕੋਈ ਵੈਰ-ਵਿਰੋਧ ਨਹੀਂ, ਸਗੋਂ ਅਨਿਆਂ ਨਾਲ ਹੈ, ਧੱਕੇਸ਼ਾਹੀ ਨਾਲ ਹੈ, ਅਨਿਆਂ ਕਰਨ ਵਾਲੇ ਨਾਲ ਹੈ, ਧੱਕੇਬਾਜ਼ ਨਾਲ ਹੈ। ਜਿਹੜੇ ਕ੍ਰਿਪਾਨਧਾਰੀ ਹੋਕੇ ਬਦੀ ਨਾਲ ਜੂਝਦੇ ਨਹੀਂ, ਉਹ ਕ੍ਰਿਪਾਨ ਦੀ ਰਹਿਤ ਦੇ ਧਾਰਨੀ ਨਹੀਂ ਅਖਵਾ ਸਕਦੇ।

ਇਹ ਸਿੱਖ ਜ਼ਬਤ ਸੀ ਜਿਸ ਨਾਲ ਨਨਕਾਣਾ ਸਾਹਿਬ ਦੇ ਮੋਰਚੇ, ਗੁਰੂ ਕੇ ਬਾਗ ਦੇ ਮੋਰਚੇ ਅਤੇ ਗੰਗਸਰ ਜੈਤੋ ਦੇ ਮੋਰਚਿਆਂ ਦੌਰਾਨ ਵਰ੍ਹਦੀਆਂ ਗੋਲੀਆਂ, ਡਾਂਗਾਂ, ਬਰਛਿਆਂ, ਗੰਡਾਸਿਆਂ ਦੇ ਵਾਰ ਸਹਿੰਦੇ ਹੋਏ ਸਿੱਖ 'ਵਾਹਿਗੁਰੂ, 'ਵਾਹਿਗੁਰੂ' ਦਾ ਨਾਮ ਉਤਨਾ ਚਿਰ ਬੋਲਦੇ ਜਾਂਦੇ, ਜਦ ਤਕ ਠੰਢੇ ਨਹੀ ਹੋ ਜਾਂਦੇ ਸਨ। ਦੁਨੀਆ ਹੱਕੀ ਬੱਕੀ ਰਹਿ ਗਈ ਸੀ ਅਤੇ ਅੰਗਰੇਜ਼ੀ ਸਰਕਾਰ ਨੂੰ ਸਿੰਘਾਂ ਦੀ ਅਡੋਲਤਾ ਸਾਹਮਣੇ ਝੁਕਣਾ ਪਿਆ ਸੀ। ਇਹ ਸਿੱਖੀ ਸਿਦਕ ਤੇ ਜ਼ਬਤ ਨਾਮ ਦਾ ਸੀ। ਸਿੱਖ ਦੀ ਮਰਦਾਨਗੀ, ਜੁਰਅੱਤ ਅਤੇ ਸਫਲਤਾ ਦਾ ਰਾਜ਼ ਸਿੱਖੀ ਜ਼ਬਤ ਹੈ। ਅੱਜ ਅਸੀਂ ਕਮਜ਼ੋਰ ਇਸ ਕਰਕੇ ਹੋ ਗਏ ਹਾਂ ਕਿ ਅਸੀਂ ਗੁਰੂ ਦੇ ਜ਼ਬਤ 'ਚ ਨਹੀ ਰਹੇ। ਜ਼ਬਤਹੀਨ ਜੀਵਨ ਨੇ ਸਾਨੂੰ ਸੁਖ-ਰਹਿਣਾ ਬਣਾ ਦਿੱਤਾ ਹੈ। ਸਾਡੀ ਸਾਰੀ ਸੋਚ ਸਰੀਰਕ ਸੁਖ ਅਰਾਮ ਤੇ ਐਸ਼-ਇਸ਼ਰਤ ਨਾਲ ਰਹਿਣ ਤੇ ਲੱਗ ਗਈ ਹੈ। ਅਸੀਂ ਜੀਭ-ਰਸ, ਅੱਖ-ਰਸ, ਕੰਨ-ਰਸ ਆਦਿਕ ਸਰੀਰਕ ਰਸਾਂ-ਕਸਾਂ 'ਚ ਗ਼ਲਤਾਨ ਹੋ ਚੁੱਕੇ ਹਾਂ।

ਜਿਹੜੇ ਲੋਕ ਬਾਹਰ ਮੁੱਖੀ ਰਹਿਤ ਰੱਖਦੇ ਹਨ, ਬਾਣੀਆਂ ਦਾ ਪਾਠ ਵੀ ਕਰਦੇ ਹਨ, ਪਰ ਆਪਣੇ ਕਾਰ ਵਿਹਾਰ ਵਿੱਚ ਹੇਰਾਫੇਰੀਆਂ ਵੀ ਕਰਦੇ ਹਨ, ਠੱਗੀ-ਠੋਰੀ ਕਰਦੇ ਹਨ, ਲੋਕਾਂ ਨੂੰ ਧੋਖਾ ਵੀ ਦਿੰਦੇ ਹਨ ਅਤੇ ਸ਼ਰਾਬਾਂ ਵੀ ਪੀਂਦੇ ਹਨ, ਉਹਨਾਂ ਦਾ ਅੰਮ੍ਰਿਤ ਛਕਿਆ ਨਾ ਛਕਿਆ ਬਰਾਬਰ ਹੈ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜੇ ਸਿੱਖੀ 'ਚ ਰਹਿਤ ਬਹਿਤ (Code of

conduct ਅਤੇ ਸਿੱਖੀ ਦੇ ਬੁਨਿਆਦੀ ਅਸੂਲ (Fundamental principles) ਹੀ ਸਿੱਖਾਂ 'ਚ ਨਾ ਰਹੇ ਤਾਂ ਪੰਥ ਕਿਵੇਂ ਜ਼ਿੰਦਾ ਰਹਿ ਸਕਦਾ ਹੈ? ਜੜ੍ਹ ਤੋਂ ਬਿਨਾਂ ਦਰੱਖਤ ਨੇ ਸੁਕਣਾ ਹੀ ਹੈ।

## ਹੁਕਮ ਮੰਨਣਾ ਹੀ ਸਿੱਖੀ ਹੈ

ਕੁਦਰਤ ਦੀ ਹਰ ਸ਼ੈ ਇਕ ਖਾਸ ਨਿਯਮ ਅਧੀਨ, ਇਕ ਖਾਸ ਸੰਜਮ 'ਚ ਅਤੇ ਇਕ ਖਾਸ ਮੰਤਵ ਅਧੀਨ ਵਿਚਰ ਰਹੀ ਹੈ, ਜਿਸ ਨਾਲ ਸਾਰਾ ਬ੍ਰਹਮੰਡ ਕਾਇਮ ਦਾਇਮ ਹੈ ਅਤੇ ਵਿਕਾਸ ਵੱਲ ਵੱਧ ਰਿਹਾ ਹੈ। ਬ੍ਰਹਮੰਡ ਦੀ ਹਰ ਸ਼ੈ ਆਪਣਾ ਨਿਸਚਿਤ ਫਰਜ਼ ਨਿਭਾ ਰਹੀ ਹੈ ਅਤੇ ਆਪਣਾ ਯੋਗਦਾਨ ਪਾ ਰਹੀ ਹੈ। ਇਵੇਂ ਹੀ ਮਨੁੱਖ ਲਈ ਆਪਣੇ ਫਰਜ਼ ਦਾ ਪਾਬੰਦ ਹੋਣਾ ਹੀ ਸਹੀ ਜੀਵਨ ਰਾਹ ਹੈ। ਬ੍ਰਹਮੰਡ ਦੀ ਹਰ ਸ਼ੈ ਨਿਯਮਬੱਧ ਹੈ ਅਤੇ ਸਿਰਜਨਹਾਰ ਨਾਲ ਇਕਸੁਰ ਹੋਕੇ ਚੱਲ ਰਹੀ ਹੈ। ਇਹ ਬ੍ਰਹਮੰਡ ਤਦ ਹੀ ਸਫਲਤਾ ਪੂਰਬਕ ਚਲ ਸਕਦਾ ਹੈ ਜੇ ਇਸ ਬ੍ਰਹਮੰਡ ਦੀ ਹਰ ਚੀਜ਼ ਆਪੋ ਆਪਣਾ ਕਰਮ ਪੂਰੀ ਤਰ੍ਹਾਂ ਨਿਭਾਏ। ਇਸ ਨੂੰ ਹੀ ਗੁਰਮਤਿ ਨੇ ਹੁਕਮ ਬੁਝਣਾ ਕਿਹਾ ਹੈ।

ਹਰ ਜੀਵ ਨੂੰ ਸਿਰਜਨਹਾਰ ਦੇ ਹੁਕਮ ਨਾਲ ਹੀ ਚੰਗਾ ਜਾਂ ਮਾੜਾ ਰੋਲ ਮਿਲਦਾ ਹੈ, ਉਸ ਦੇ ਹੁਕਮ ਨਾਲ ਹੀ ਕਿਸੇ ਨੂੰ ਵਡਿਆਈ ਮਿਲਦੀ ਹੈ, ਸਭ ਵਡਿਆਈਆਂ ਉਸ ਦੇ ਹੁਕਮ 'ਚ ਹਨ। ਕਿਸੇ ਨੂੰ ਵਡਿਆਈ ਮਿਲਦੀ ਹੈ ਅਤੇ ਕਿਸੇ ਨੂੰ ਨੀਚਤਾ। ਚੌਪਾਏ ਜਾਨਵਰਾਂ 'ਚੋਂ ਸ਼ੇਰ ਨੂੰ ਜੰਗਲ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ, ਜੰਗਲ ਦੇ ਸਾਰੇ ਜਾਨਵਰ ਉਸ ਤੋਂ ਡਰਦੇ ਹਨ, ਜਿਸ ਰਾਹ ਤੋਂ ਸ਼ੇਰ ਲੰਘ ਜਾਏ, ਸਭ ਸਹਿਮ ਜਾਂਦੇ ਹਨ। ਉਸ ਨੂੰ ਇਹ ਵਡਿਆਈ ਮਿਲੀ ਹੈ ਅਕਾਲ ਪੁਰਖ ਦੇ ਹੁਕਮ ਨਾਲ। ਇਵੇਂ ਹੀ ਪੰਛੀਆਂ 'ਚੋਂ ਮੋਰ ਤੇ ਹੰਸ ਨੂੰ ਵਡਿਆਈ ਮਿਲੀ ਹੈ।

ਸੁਆਲ ਉਠਦਾ ਹੈ ਕਿ ਮਨੁੱਖ ਹੁਕਮ ਨੂੰ ਕਿਵੇਂ ਬੁਝੇ? ਕਿਵੇਂ ਪਤਾ ਲੱਗੇ ਕਿ ਉਸ ਅਕਾਲ ਪੁਰਖ ਦਾ ਇਹ ਹੁਕਮ ਹੈ ਅਤੇ ਇਹ ਨਹੀਂ? ਪਰਮਾਤਮਾ ਨਿਰਾਕਾਰ ਹੋਣ ਕਰਕੇ ਆਪਣਾ ਹੁਕਮ ਬੋਲ ਕੇ ਤਾਂ ਦੱਸਦਾ ਨਹੀਂ। ਫਿਰ ਹੁਕਮ ਕਿਵੇਂ ਬੁਝਿਆ ਜਾਏ? ਇਸ ਬ੍ਰਹਮੰਡ 'ਚ ਸਭ ਕੁਝ ਅਕਾਲ ਪੁਰਖ ਦੇ ਹੁਕਮ ਨਾਲ ਹੋ ਰਿਹਾ ਹੈ। 'ਹੁਕਮੀ ਹੋਵਨਿ ਜੀਅ' ਅਨੁਸਾਰ ਹੀ ਸਾਰੇ ਜੀਵ-ਜੰਤ ਪੈਦਾ ਹੁੰਦੇ ਹਨ। ਕੁਦਰਤੀ ਨਿਯਮਾਂ ਦਾ ਨਾਉ ਹੀ ਹੁਕਮ ਹੈ। ਇਹ ਹੁਕਮ ਰੱਬੀ ਨਿਯਮਾਂ ਅਨੁਸਾਰ ਹੀ ਵਰਤਦਾ ਹੈ। ਸਭ ਕੁਝ ਰੱਬ ਦੇ ਹੁਕਮ ਰੂਪੀ ਨਿਯਮ ਅਨੁਸਾਰ ਹੀ ਹੋ ਰਿਹਾ ਹੈ। 'ਉਸ ਦੇ ਹੁਕਮ 'ਚ ਰਹਿਣ ਦੀ ਸੂਝ ਆਪਣੇ ਅੰਦਰੋਂ ਹੀ ਮਿਲਦੀ ਹੈ ਕਿਉਂਕਿ ਇਹ ਆਪਣੇ ਨਾਲ ਹੀ ਲਿਖਿਆ ਹੁੰਦਾ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਇਸ ਦਾ ਮਤਲਬ ਇਹ ਹੈ ਕਿ ਉਸ ਦੇ ਹੁਕਮ ਦਾ ਪ੍ਰਕਾਸ਼ ਸਭ ਦੇ ਅੰਦਰ ਹੈ, ਕਿਉਂਕਿ ਅਕਾਲ ਪੁਰਖ ਆਪ ਸਭ ਦੇ ਅੰਦਰ ਵਸ ਰਿਹਾ ਹੈ। ਹਰ ਮਨੁੱਖ ਦੇ ਅੰਦਰ ਉਸ ਰੱਬ ਦੀ ਜੋਤਿ ਹੈ, ਜੋ ਉਸ ਦੇ ਹੁਕਮ ਦਾ ਪਤਾ ਦੇਂਦੀ ਹੈ, ਜਿਸ ਨੂੰ ਅੰਦਰ ਦੀ ਅਵਾਜ਼ ਵੀ ਕਿਹਾ ਜਾਂਦਾ ਹੈ। ਆਪਣੇ ਨਿਰੋਲ ਰੂਪ 'ਚ ਹਰ ਮਨੁੱਖ ਦੀ ਸ਼ੁਧ ਆਤਮਾ ਤੋਂ ਉਸ ਦੇ ਹੁਕਮ ਦਾ ਪਤਾ ਲੱਗਣਾ ਚਾਹੀਦਾ ਹੈ। ਇਹ ਇਕ ਵਖਰੀ ਗੱਲ ਹੈ ਕਿ ਕਿਸੇ ਦੇ ਗ਼ਲਤ ਕੰਮ ਕੀਤਿਆਂ ਕਈ ਵਾਰ ਉਸ ਅੰਦਰਲੀ ਜੋਤਿ ਦਾ ਪ੍ਰਕਾਸ਼ ਮਧਮ ਪੈ ਜਾਂਦਾ ਹੈ, ਜਿਸ ਦਾ ਵੱਡਾ ਕਾਰਨ ਹਉਮੈਂ ਹੁੰਦਾ ਹੈ। ਗੁਰੂ ਅਮਰਦਾਸ ਸਾਹਿਬ ਅਨੁਸਾਰ 'ਹਉਮੈਂ 'ਚ ਕਿਉਂਕਿ ਭਗਤੀ ਨਹੀਂ ਹੋ ਸਕਦੀ, ਇਸ ਲਈ ਹੁਕਮ ਨਹੀਂ ਬੁਝਿਆ ਜਾ ਸਕਦਾ:

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥ (ਮ:3)

ਗੁਰੂ ਨਾਨਕ ਸਾਹਿਬ ਦੇ ਫੁਰਮਾਨ 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ' ਅਨੁਸਾਰ ਜੋ ਵਿਅਕਤੀ ਹੁਕਮ ਨੂੰ ਬੁਝ ਲੈਂਦਾ ਹੈ, ਤਾਂ ਫਿਰ ਉਸ 'ਚ ਹਉਮੈਂ ਨਹੀਂ ਰਹਿੰਦੀ। ਅਕਾਲ ਪੁਰਖ ਦੇ ਨਾਮ ਅਤੇ ਹਉਮੈਂ ਦਾ ਪ੍ਰਸਪਰ ਵਿਰੋਧ ਹੈ, ਇਹ ਦੋਵੇਂ ਇਕੋ ਥਾਂ ਨਹੀਂ ਵਸ ਸਕਦੇ:

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥ (ਪੰ:560 ਮ:3)

ਜੋ ਮਨੁੱਖ ਖੁਦੀ ਭਾਵ ਹਉਮੈਂ ਮੇਟ ਦਿੰਦਾ ਹੈ, ਉਸ ਦੀ ਜੋਤਿ ਜਗ ਪੈਂਦੀ ਹੈ ਅਤੇ ਉਹ ਸੁਤੇ ਹੀ ਹੁਕਮ ਬੁਝ ਲੈਂਦਾ ਹੈ। ਫਿਰ ਉਹ ਹੁਕਮੀ ਬੰਦਾ ਹੋ ਜਾਂਦਾ ਹੈ। ਇਹ ਕੰਮ ਅਸਾਨ ਨਹੀਂ, ਇਹ ਕਰੜੀ ਘਾਲਣਾ ਮੰਗਦਾ ਹੈ। ਸਾਡੀਆਂ ਸਾਰੀਆਂ ਮੁਸ਼ਕਲਾਂ ਦਾ ਮੂਲ ਕਾਰਨ ਹੈ ਗੁਰਮਤਿ ਦੇ ਨਾਮ ਸਿਮਰਨ, ਵਿਚਾਰਨ ਅਤੇ ਕਮਾਉਣ ਦੇ ਸਿਧਾਂਤਾਂ ਤੋਂ ਮੂੰਹ ਮੋੜਨਾ ਹੈ। ਧਾਰਮਿਕ ਅਸੂਲਾਂ ਦੀ ਕੁਰਬਾਨੀ ਕਰਨੀ ਜ਼ਮੀਰ ਨੂੰ ਵੇਚਣਾ ਹੈ। ਅੱਜ ਸਾਡਾ ਦ੍ਰਿਸ਼ਟੀਕੋਨ ਘਟੀਆ ਅਤੇ ਸੁਆਰਥਕ ਬਣ ਚੁੱਕਾ ਹੈ। ਅਕਾਲ ਪੁਰਖ ਦੇ ਅਟੱਲ ਹੁਕਮ ਅਨੁਸਾਰ ਇਕਸੁਰ ਹੋਕੇ ਤੁਰਨਾ ਹੀ ਸਫਲ ਜੀਵਨ ਦੀ ਜ਼ਰੂਰੀ ਸ਼ਰਤ ਹੈ। ਹੁਕਮੀ ਜੀਵਨ ਦੇ ਦੋ ਅੰਗ ਹਨ। ਹੁਕਮ ਨੂੰ ਬੁਝਣਾ ਤੇ ਹੁਕਮ ਨੂੰ ਮੰਨਣਾ। 'ਆਗਿਆ ਮਾਨਿ ਜਾਨਿ ਸੁਖੁ ਪਾਇਆ' ਅਨੁਸਾਰ ਆਗਿਆ (ਹੁਕਮ) ਬੁਝ ਕੇ ਹੁਕਮ ਮੰਨ ਕੇ ਅਸਾਂ ਸੁਖ ਪ੍ਰਾਪਤ ਕਰ ਲਿਆ ਹੈ। 'ਹੁਕਮੈ ਬੂਝੈ ਸਦਾ ਸੁਖੁ' 'ਚ ਹੁਕਮ ਬੁਝਣ ਦਾ ਜ਼ਿਕਰ ਹੈ ਅਤੇ 'ਹੁਕਮਿ ਮੰਨਿਐ ਹੋਵੈ ਪਰਵਾਣੁ' 'ਚ ਹੁਕਮ ਮੰਨਣ ਦੀ ਹਦਾਇਤ ਹੈ।

ਜੇ ਕੌਮ ਦਾ ਹਰ ਮੈਂਬਰ ਸਿੱਖੀ ਅਸੂਲਾਂ ਨਾਲ ਜੁੜਨ ਵੱਲ ਧਿਆਨ ਦੇਵੇ, ਹਰ ਮੈਂਬਰ ਅੰਮ੍ਰਿਤਧਾਰੀ ਹੋ ਜਾਵੇ, ਪੰਜ ਕਕਾਰੀ ਹੋ ਜਾਏ, ਸ਼ਸਤਰਧਾਰੀ ਹੋ ਜਾਏ (ਕੇਵਲ ਗਾਤਰੇ 'ਚ ਜੰਜੂ ਵਾਂਗ ਕਰਦ ਲਟਕਾਉਣਾ ਨਹੀਂ), ਤਾਂ ਸਿੱਖ

ਕੌਮ ਮੁੜ ਕੇ ਸ਼ਕਤੀਸ਼ਾਲੀ ਬਣ ਜਾਏਗੀ। ਸ਼ਕਤੀ ਨਾਲ ਕੌਮ ਚੜ੍ਹਦੀ ਕਲਾ 'ਚ ਜਾਏਗੀ।

## ਹਰ ਕੰਮ ਕੀਤਾ ਜਾ ਸਕਦਾ ਹੈ

ਦੁਨੀਆ ਦੀ ਕੋਈ ਅਜਿਹੀ ਉਲਝਣ ਨਹੀਂ, ਜਿਹੜੀ ਸੁਲਝਾਈ ਨਹੀਂ ਜਾ ਸਕਦੀ। ਕੋਈ ਅਜਿਹੀ ਮੁਸ਼ਕਲ ਨਹੀਂ, ਜਿਹੜੀ ਦੂਰ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹੀ ਮੰਜ਼ਲ ਨਹੀਂ, ਜਿਹੜੀ ਅਪਹੁੰਚ ਹੋਵੇ। ਕੋਈ ਵੱਡੀ ਤੋਂ ਵੱਡੀ ਅਜਿਹੀ ਖਾਈ ਨਹੀਂ, ਜਿਹੜੀ ਟਪੀ ਨਾ ਜਾ ਸਕੇ। ਕੋਈ ਅਜਿਹੀ ਘਾਟ ਨਹੀਂ, ਜਿਹੜੀ ਪੂਰੀ ਨਾ ਕੀਤੀ ਜਾ ਸਕਦੀ ਹੋਵੇ। ਕੋਈ ਅਜਿਹੀ ਕਮਜ਼ੋਰੀ ਨਹੀਂ, ਜਿਹੜੀ ਦੂਰ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹਾ ਨਿਸ਼ਾਨਾ ਨਹੀਂ, ਜਿਹੜਾ ਫੁੰਡਿਆ ਨਹੀਂ ਜਾ ਸਕਦਾ। ਕੋਈ ਅਜਿਹੀ ਹਾਰ ਨਹੀਂ, ਜਿਹੜੀ ਜਿੱਤ ਵਿੱਚ ਨਹੀਂ ਬਦਲੀ ਜਾ ਸਕਦੀ। ਕੋਈ ਔਖੇ ਤੋਂ ਔਖਾ ਅਜਿਹਾ ਕੰਮ ਨਹੀਂ, ਜਿਹੜਾ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਕੋਈ ਅਜਿਹੀ ਪ੍ਰੀਖਿਆ ਨਹੀਂ, ਜਿਸ ਵਿੱਚ ਸਫਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਕੋਈ ਅਜਿਹੀ ਸ਼ਕਤੀ ਨਹੀਂ, ਜਿਹੜੀ ਪੈਦਾ ਨਹੀਂ ਕੀਤੀ ਜਾ ਸਕਦੀ।

ਕਿਉਂ ਥੱਕਦੇ ਹੋ, ਕਿਉਂ ਅੱਕਦੇ ਹੋ, ਕਿਉਂ ਨਿਰਾਸ ਹੁੰਦੇ ਹੋ, ਕਿਉਂ ਉਪਰਾਮ ਹੁੰਦੇ ਹੋ, ਕਿਉਂ ਨਿਢਾਲ ਹੁੰਦੇ ਹੋ? ਕੁਝ ਕਰਕੇ ਵਿਖਾਣ ਦੀ ਸ਼ਕਤੀ ਤੁਹਾਡੇ ਅੰਦਰ ਮੌਜੂਦ ਹੈ। ਜਬਰ ਕਦੇ ਵੀ ਸਬਰ ਨੂੰ ਜ਼ੇਰ ਨਹੀਂ ਕਰ ਸਕਿਆ। ਹਮੇਸ਼ਾ ਮਾਰਨ ਵਾਲੀਆਂ ਬਾਹਾਂ ਹੀ ਪੀੜਤ ਹੋਈਆਂ ਹਨ।

## ਕੀਤਿਆਂ ਹੀ ਕੁਝ ਹੋਣਾ ਹੈ

ਅੱਖਾਂ ਬੰਦ ਕਰਕੇ, ਸਮੱਸਿਆ ਤੋਂ ਮੁਕਰਨਾ ਸਮੱਸਿਆ ਦਾ ਹੱਲ ਨਹੀਂ ਹੈ, ਸਗੋਂ ਸਮੱਸਿਆ ਨੂੰ ਮੰਨਣਾ ਹੱਲ-ਲੱਭਣ ਵੱਲ ਪਹਿਲਾ ਕਦਮ ਹੋਇਆ ਕਰਦਾ ਹੈ। ਸਾਡੇ ਅੰਦਰ ਅਗਿਆਨਤਾ ਦਾ ਹਨ੍ਹੇਰਾ ਹੈ, ਜਿਸ ਨਾਲ ਅਸੀਂ ਸਹਿਮੇ ਹੋਏ ਹਾਂ। ਲਾਠੀ ਡੰਡਿਆਂ ਨਾਲ ਕੁੱਟਣ ਨਾਲ ਹਨ੍ਹੇਰਾ ਦੂਰ ਨਹੀਂ ਹੋਣਾ, ਸਗੋਂ ਹਨ੍ਹੇਰੇ ਨੂੰ ਦੂਰ ਕਰਨ ਲਈ ਗਿਆਨ ਦਾ ਦੀਵਾ ਜਗਾਉਣ ਦੀ ਲੋੜ ਹੈ। ਗਿਆਨ ਦਾ ਚਾਨਣ ਹੀ ਸਾਡੇ ਧੁਰ ਅੰਦਰ ਧੱਸੇ ਪਏ ਡਰ ਅਤੇ ਬੇਚਾਰਗੀ ਦੇ ਅਹਿਸਾਸ ਨੂੰ ਹੂੰਝਕੇ ਬਾਹਰ ਸੁੱਟ ਸਕੇਗਾ।

ਕਿਸੇ ਕੌਮ ਦੇ ਲੋਕਾਂ ਲਈ ਦਿਮਾਗ਼ੀ ਅਭਿਆਸ ਵੀ ਏਨਾ ਹੀ ਜ਼ਰੂਰੀ ਹੈ ਜਿੰਨੀ ਕਿ ਸਰੀਰਕ ਵਰਜ਼ਿਸ਼। ਦਿਮਾਗ਼ੀ ਮਜ਼ਬੂਤੀ ਲਈ ਸਰਬਪੱਖੀ ਅਧਿਐਨ ਦੀ ਲੋੜ ਹੁੰਦੀ ਹੈ। ਦਿਮਾਗ਼ੀ ਮਜ਼ਬੂਤੀ ਹੀ ਕਿਸੇ ਕੌਮ ਦੇ ਲੋਕਾਂ ਦੇ ਜੀਵਨ 'ਚੋਂ ਵਹਿਮ-ਭਰਮ, ਮੰਤਰ-ਟੂਣੇ, ਜਿੰਨ-ਭੂਤਾਂ ਦੇ ਭਰਮ ਭੁਲੇਖੇ, ਜ਼ਾਤਪਾਤ ਦੇ

ਕੋਹੜ ਦੂਰ ਕਰ ਸਕਦੀ ਹੈ। ਦਿਮਾਗ਼ੀ ਮਜ਼ਬੂਤੀ ਚਿਹਰੇ ਦੇ ਨਕਸ਼ਾਂ ਨੂੰ ਰੌਸ਼ਨ ਤੇ ਦ੍ਰਿੜਤਾ ਦੇਂਦੀ ਹੈ।

ਜੇ ਅਸੀਂ ਆਪਣੀ ਕੌਮੀ ਹੋਂਦ ਨੂੰ ਮਿਟ ਜਾਣ ਤੋਂ ਬਚਾਣਾ ਹੈ, ਜੇ ਅਸੀਂ ਆਪਣੀ ਨੌਜਵਾਨ ਪੀੜੀ ਨੂੰ ਡਰਿੰਕ, ਡਰੱਗ ਤੇ ਵਿਭਚਾਰ ਕਲਚਰ ਦੇ ਪੱਛਮੀ ਕੋੜ੍ਹ ਤੋਂ ਬਚਾਣਾ ਹੈ ਅਤੇ ਜੇ ਅਸੀਂ ਆਪਣੀ ਕੌਮ ਨੂੰ ਸੰਸਾਰ ਦੀ ਸਿਰਮੌਰ ਕੌਮ ਵੇਖਣਾ ਚਾਹੁੰਦੇ ਹਾਂ, ਤਾਂ ਸਾਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਵੱਧ ਤੋਂ ਵੱਧ ਜ਼ਬਾਨਾਂ ਵਿੱਚ ਨਰੋਆ ਤੇ ਵਿਗਿਆਨਕ ਸਿੱਖ ਸਾਹਿਤ ਪੈਦਾ ਕਰਨਾ ਪਏਗਾ। ਵਿਦਿਆ ਤੋਂ ਸਖਣੀ (ਪੁਸਤਕਾਂ ਤੋਂ ਬਿਨਾਂ) ਕੋਈ ਵੀ ਕੌਮ ਉਨਤੀ ਨਹੀਂ ਕਰ ਸਕਦੀ। ਵਿਦਿਆ ਤੇ ਸਿਖਿਆ ਹੀ ਕੌਮਾਂ ਨੂੰ ਅਨਪੜ੍ਹਤਾ, ਜਹਾਲਤ ਅਤੇ ਵਹਿਮਾਂ-ਭਰਮਾਂ ਤੋਂ ਦੂਰ ਕਰ ਸਕਦੀਆਂ ਹਨ।

## ਇਸਤਰੀ ਨੂੰ ਪੂਰਨ ਸਤਿਕਾਰ ਦੇਣ ਦੀ ਲੋੜ

## ਮਾਂ ਸਭ ਤੋਂ ਵੱਡਾ ਟੀਚਰ

ਗੁਰੂ ਨਾਨਕ ਸਾਹਿਬ ਦੀ ਅਜੋਕੀ ਸਿੱਖ ਇਸਤਰੀ ਵਹਿਮਾਂ ਭਰਮਾਂ 'ਚ ਕਿਉਂ ਫਸ ਗਈ ਹੈ? ਵਾਰਾਂ-ਮਹੂਰਤਾਂ ਦੇ ਚੱਕਰਾਂ 'ਚ ਕਿਉਂ ਪੈ ਗਈ ਹੈ? ਟੂਣਿਆਂ, ਜੰਤਰਾਂ-ਮੰਤਰਾਂ ਅਤੇ ਤਵੀਤਾਂ ਦੇ ਜਾਲਾਂ 'ਚ ਕਿਉਂ ਫਸੀ ਫਿਰਦੀ ਹੈ? ਸੁੱਖਾਂ ਸੁੱਖਣ, ਫੋਕੇ ਵਰਤ ਰੱਖਣ ਅਤੇ ਗੁੱਗੇ-ਪੀਰ ਮਨਾਉਣ ਵੱਲ ਕਿਉਂ ਟੁਰੀ ਫਿਰਦੀ ਹੈ? ਅਗਿਆਨਤਾ ਕਾਰਨ। ਇਹ ਮਸਲਾ ਸਾਡਾ ਫੌਰੀ ਧਿਆਨ ਮੰਗਦਾ ਹੈ।

ਇਸਤਰੀ ਮਨੁੱਖੀ ਨਸਲ ਦੀ ਪੈਦਾਇਸ਼ ਦਾ ਸੋਮਾ ਹੈ, ਮਨੁੱਖਤਾ ਦੀ ਮਾਤਾ ਹੈ, ਕੁਦਰਤ ਦੇ ਸੁਹੱਪਣ ਦਾ ਨਮੂਨਾ ਹੈ, ਮਨੁੱਖੀ ਪਿਆਰ ਤੇ ਵਲਵਲਿਆਂ ਦਾ ਖਜ਼ਾਨਾ ਹੈ, ਉੱਚੇ ਸੁਖਾਂ ਦਾ ਸੋਮਾ ਹੈ ਅਤੇ ਤਸਕੀਨ ਤੇ ਤਸੱਲੀ ਦੀ ਖਾਣ ਹੈ। ਮਨੁੱਖੀ ਜੀਵਨ ਨਾ ਕੇਵਲ ਇਸ ਰਾਹੀਂ ਪੈਦਾ ਹੀ ਹੁੰਦਾ ਹੈ, ਸਗੋਂ ਖੇੜੇ ਵਿੱਚ ਵੀ ਇਸ ਰਾਹੀਂ ਹੀ ਆਉਂਦਾ ਹੈ। ਇਸਤਰੀ ਲਿਖਾਰਨ ਹੈ, ਅਧਿਆਪਕ ਹੈ, ਵਕੀਲ ਹੈ, ਖਿਡਾਰਣ ਹੈ ਜੱਜ ਹੈ, ਸਾਇੰਸਵੇਤਾ ਹੈ, ਫਿਲਾਸਫਰ ਹੈ, ਸਭ ਕੁਝ ਹੈ। ਇਸਤਰੀ ਮਨੁੱਖੀ ਨਸਲ ਦੀ ਜਨਮ ਦਾਤੀ ਹੈ ਅਤੇ ਮੋਹ ਦੀ ਮੂਰਤ ਹੈ। ਇਹ ਵਫ਼ਾ ਦੀ ਪੁੰਜ ਹੈ, ਨੇਕਨੀਤੀ ਦਾ ਨਮੂਨਾ ਹੈ, ਸੁਹਿਰਦਤਾ ਦੀ ਪੁਤਲੀ ਹੈ, ਨਿੱਘ ਦਾ ਸਾਗਰ ਹੈ, ਫਿਰ ਜੰਮਣ ਤੋਂ ਪਹਿਲਾਂ ਹੀ ਇਸ ਨੂੰ ਮਾਰ-ਮੁਕਾ ਦੇਣ ਦੀਆਂ ਸੋਚਾਂ ਕਿਉਂ ਸੋਚੀਆਂ ਜਾਂਦੀਆਂ ਹਨ? ਮਰਦ ਨੂੰ ਪੈਦਾ ਕਰਨ ਵਾਲੀ ਇਸਤਰੀ ਹੈ, ਮਰਦ ਨੂੰ ਪਾਲਣ ਵਾਲੀ ਇਸਤਰੀ ਹੈ ਅਤੇ ਮਰਦ ਨੂੰ ਵੱਡਿਆਂ ਕਰਨ ਵਾਲੀ ਇਸਤਰੀ ਹੈ। ਇਤਨੇ ਗੁਣਾਂ ਦੀ ਮਾਲਕ ਇਸਤਰੀ ਅਸੀਂ ਦੂਜਿਆਂ ਲਈ ਪਾਲਦੇ ਹਾਂ ਅਤੇ ਦੂਜੇ ਸਾਡੇ ਲਈ।

ਘਰ ਵਿੱਚ ਇਸਤਰੀ ਹੀ ਪਰਿਵਾਰਕ ਜ਼ਿੰਦਗੀ ਦਾ ਧੁਰਾ ਹੁੰਦੀ ਹੈ। ਜਿਤਨੀ ਦੇਰ ਇਸਤਰੀ ਵਿਦਿਆ ਪ੍ਰਾਪਤ ਨਹੀਂ ਕਰਦੀ, ਉਹ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਰਹੇਗੀ। ਵਿਦਵਾਨ ਇਸਤਰੀ ਹੀ ਕਿਸੇ ਘਰ



Sri Satguru Jagjit Singh Ji eLibrary NamdhariElibrary@gmail.com

ਵਿੱਚ, ਕਿਸੇ ਸਮਾਜ ਵਿੱਚ, ਕਿਸੇ ਕੌਮ ਵਿੱਚ ਜਾਂ ਮੁਲਕ ਵਿੱਚ ਇਨਕਲਾਬ ਲਿਆ ਸਕਣ ਦੀ ਯੋਗਤਾ ਤੇ ਸਮਰਥਾ ਰੱਖਦੀ ਹੈ। ਜਿਸ ਸਮਾਜ ਜਾਂ ਕੌਮ ਵਿੱਚ ਜਦ ਤੱਕ ਇਸਤਰੀ ਨੂੰ ਦੂਜੇ ਦਰਜੇ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ, ਤਦ ਤੱਕ ਉਸ ਸਮਾਜ ਜਾਂ ਕੌਮ ਦਾ ਅੱਧਾ ਭਾਗ ਗ਼ੁਲਾਮ ਹੀ ਬਣਿਆ ਰਹੇਗਾ। ਜਿਸ ਅਦਾਰੇ ਵਿੱਚ, ਭਾਵੇਂ ਉਹ ਆਰਥਕ ਹੋਵੇ, ਸਮਾਜਕ ਹੋਵੇ ਜਾਂ ਸਿਆਸੀ ਹੋਵੇ, ਇਸਤਰੀ ਭਾਗ ਨਹੀਂ ਲੈਂਦੀ, ਉਹ ਅਦਾਰਾ ਅਧੂਰਾ ਰਹੇਗਾ। ਜਿਸ ਅਜ਼ਾਦੀ ਦੀ ਲਹਿਰ ਵਿੱਚ ਇਸਤਰੀ ਭਾਗ ਨਹੀਂ ਲੈਂਦੀ, ਉਹ ਲਹਿਰ ਕਦੀ ਕਾਮਯਾਬ ਨਹੀਂ ਹੁੰਦੀ। ਰੱਬ ਤੋਂ ਦੂਸਰੇ ਨੰਬਰ ਤੇ ਅਸੀਂ ਨਾਰੀ ਦੇ ਦੇਣਹਾਰ ਹਾਂ। ਪਹਿਲਾਂ ਜ਼ਿੰਦਗੀ ਦੇਣ ਲਈ ਅਤੇ ਫਿਰ ਜ਼ਿੰਦਗੀ ਦੇ ਯੋਗ ਬਣਾਉਣ ਲਈ।

ਇਸਤਰੀ ਹੀ ਕੌਮਾਂ ਦੀ ਘੜਨਹਾਰ ਹੈ। ਇਹ ਅਖਾਣ ਬਿਲਕੁਲ ਸਹੀ ਹੈ ਕਿ ਦੁਨੀਆ ਦਾ ਸਭ ਤੋਂ ਚੰਗਾ ਸਕੂਲ ਮਾਂ ਦਾ ਗੋਡਾ ਹੈ। ਜਿਹੜੇ ਸੁਪਨੇ, ਜਿਹੜੇ ਆਦਰਸ਼, ਜਿਹੜੇ ਜਜ਼ਬਾਤ, ਜਿਹੜੀਆਂ ਉਸਾਰੂ ਕਲਪਨਾਵਾਂ ਅਤੇ ਜਿਹੜੀਆਂ ਉਮੰਗਾਂ-ਤਰੰਗਾਂ ਇਕ ਮਾਂ ਆਪਣੇ ਬੱਚੇ ਅੰਦਰ ਭਰ ਦੇਂਦੀ ਹੈ, ਉਹਨਾਂ ਨੂੰ ਹੀ ਬੱਚਾ ਬਾਅਦ 'ਚ ਸਾਕਾਰ ਰੂਪ ਕਰਨ 'ਚ ਰੁਝਿਆ ਰਹਿੰਦਾ ਹੈ। ਕਲਪਨਾ ਦੇ ਕਈ ਖੇਤਰ ਅਜਿਹੇ ਹਨ, ਜਿਨ੍ਹਾਂ 'ਚ ਮਾਂ ਦੀ ਉਂਗਲ ਫੜ ਕੇ ਹੀ ਦਾਖਲ ਹੋਇਆ ਜਾ ਸਕੀਂਦਾ ਹੈ। ਮਨੁੱਖ ਨੂੰ ਇਨਸਾਨ ਬਣਾਨ ਵਾਲੀ ਮਾਂ ਹੀ ਹੈ। ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿੱਚ ਪਹਿਲੀ ਵਾਰ, ਇਸਤਰੀ ਨੂੰ ਸਮਾਜ ਵਿੱਚ ਬਰਾਬਰਤਾ ਦਾ ਸਨਮਾਨ ਬਖ਼ਸ਼ ਕੇ ਇਸਤਰੀ ਦੀ ਬਰਾਬਰਤਾ ਦੇ ਪੂਰਨੇ ਪਾਏ ਅਤੇ ਦਸ਼ਮੇਸ਼ ਪਿਤਾ ਨੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾ ਕੇ ਸ਼ੇਰਨੀਆਂ ਬਣਾਇਆ।

ਇਸਤਰੀ ਸੂਹਜ ਦੀ ਮੂਰਤ ਹੈ, ਪਰ ਸੂਹਜ ਦੇ ਸੰਕਲਪ ਨੂੰ ਉਸਾਰਨ ਵਾਲੀ ਅਸਲੀ ਮਾਂ ਹੈ। ਹਰ ਕਲਾਕਾਰ ਦੀ ਮੁੱਢਲੀ ਪ੍ਰੇਰਨਾ ਉਸ ਦੀ ਮਾਂ ਹੀ ਹੁੰਦੀ ਹੈ। ਸਾਹਿਤਕਾਰ, ਕਲਾਕਾਰ, ਸੰਗੀਤਕਾਰ, ਚਿੱਤਰਕਾਰ, ਮੂਰਤ ਘਾੜੇ, ਨਿਰਤਕਾਰ ਆਦਿਕ ਦੇ ਸੰਸਕਾਰਾਂ ਦੀ ਮੁੱਢਲੀ ਛਾਪ ਗਰਭ ਅਵਸਥਾ 'ਚ ਮਾਂ ਦੀਆਂ ਧੜਕਨਾਂ ਤੋਂ ਲੱਗਦੀ ਹੈ। ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਉਹ ਹੁੰਦੀ ਹੈ, ਜੋ ਸਾਨੂੰ ਸਾਡੀ ਮਾਂ ਬਣਾਉਣਾ ਚਾਹੁੰਦੀ ਹੈ।

# ਸਿਖੀ ਕਿਰਦਾਰ ਨੂੰ ਮੁੜ ਸੁਰਜੀਤ ਕਰਨ ਦੀ ਲੋੜ

ਹਰ ਸਿੱਖ ਦੂਜੇ ਸਿੱਖ ਨੂੰ ਵੇਖਦਿਆਂ ਸਾਰ ਗੁਰਫਤਹਿ ਬੁਲਾਣ ਵਾਲੀ ਪਿਰਤ ਨੂੰ ਸੁਰਜੀਤ ਕਰਨ ਦੀ ਲੋੜ ਹੈ। ਸਿੱਖਾਂ ਅੰਦਰ ਇਕ ਦੂਜੇ ਲਈ ਪਿਆਰ ਦੀ ਭਾਵਨਾ ਨਵੇਂ ਸਿਰਿਓਂ ਸੁਰਜੀਤ ਕੀਤੀ ਜਾਏ। ਕੌਮ ਅੰਦਰੋਂ ਖੁਦ.ਗਰਜ਼ੀ ਤੇ ਫੁਟ ਨੂੰ ਦੂਰ ਕਰਨ ਲਈ ਖੁਲ੍ਹੀਆਂ ਵਿਚਾਰਾਂ ਕੀਤੀਆਂ ਜਾਣ।



Sri Satguru Jagjit Singh Ji eLibrary NamdhariElibrary@gmail.com

ਸਿੱਖ ਧਰਮ ਦੀ ਸ਼ੁਧਤਾ ਕਾਇਮ ਰੱਖਣ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਬੁੱਤ ਪੂਜਭਾ ਤਸਵੀਰ ਪੂਜਾ, ਦੇਹਧਾਰੀ ਗੁਰੂ ਦੀ ਪੂਜਾ, ਦੇਵੀ ਦੇਵਤਿਆਂ ਦੀ ਪੂਜਾ ਮੜ੍ਹੀ ਮਸਾਣਾਂ ਦੀ ਪੂਜਾ, ਨਵੇਂ ਚੰਨ ਨੂੰ ਨਮਸਕਾਰ, ਸੂਰਜ ਨੂੰ ਨਮਸਕਾਰ, ਫੋਕੇ ਕਰਮਕਾਂਡ ਕਰਨੇ, ਛੂਤਛਾਤ ਨੂੰ ਮੰਨਣਾ, ਜ਼ਾਤਪਾਤ ਦੇ ਚੱਕਰ 'ਚ ਪੈਣਾ, ਸਰਾਧਾਂ ਦੇ ਭਰਮ ਭੁਲੇਖਿਆਂ 'ਚ ਪੈਣਾ, ਵਹਿਮਾਂ ਭਰਮਾਂ ਦਾ ਮੰਨਣਾ, ਜੋਤਿਸ਼, ਨੌਰਾਤੇ, ਮੱਸਿਆ, ਪੁੰਨਿਆ, ਇਕਾਦਸੀ ਆਦਿਕ ਦੰਭੀ ਕਰਮ ਕਾਂਡ ਕਰਨ ਦੀ ਸਿੱਖ ਧਰਮ ਮੁਤਾਬਕ ਮਨਾਹੀ ਹੈ। ਪੂਰੀ ਦ੍ਰਿੜਤਾ ਤੇ ਜ਼ੋਰ ਨਾਲ ਇਹਨਾਂ ਦੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ।

## ਸੱਚ ਜਾਣ ਲੈਣ ਨਾਲੋਂ ਸੱਚ ਕਮਾਣਾ ਵਧੇਰੇ ਉਤਮ ਹੈ।

'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਦੇ ਰੱਬੀ ਫ਼ੁਰਮਾਨ ਅਨੁਸਾਰ ਉਚ ਰਹਿਣੀ ਬਹਿਣੀ ਹੀ ਸਿੱਖ ਦੀ ਸ਼ਕਤੀ ਦਾ ਧੁਰਾ ਹੈ। ਸੱਚ ਨੂੰ ਜਾਣਨਾ ਤੇ ਸੱਚਿਆਰ ਬਣਕੇ ਜੀਣ 'ਚ ਬਹੁਤ ਵੱਡਾ ਫਰਕ ਹੈ। ਜੀਵਨ ਦਾ ਸਵਰਗ ਸਿਰਫ ਨੇਕ ਰਹਿ ਸਕਣ 'ਚ ਨਹੀਂ, ਸਗੋਂ ਨੇਕ ਗੁਆਂਢੀ ਬਣਾਨ, ਨੇਕ ਗੁਆਂਢੀਆਂ ਅਤੇ ਨੇਕ ਆਲੇ ਦੁਆਲੇ 'ਚ ਰਹਿਣ 'ਚ ਹੈ ਅਤੇ ਭੈੜੇ ਆਦਮੀਆਂ ਨੂੰ ਨੇਕ ਬਨਾਣ 'ਚ ਹੈ। ਗੁਰੂ ਦਾ ਹੁਕਮ ਸੁਣਨਾ ਹੈ, ਵਿਚਾਰਨਾ ਹੈ, ਸਮਝਣਾ ਹੈ, ਮੰਨਣਾ ਹੈ, ਉਸ 'ਤੇ ਅਮਲ ਕਰਨਾ ਹੈ ਅਤੇ ਆਪਣੇ ਕਾਰ-ਵਿਹਾਰ 'ਚ ਹੁਕਮ ਦੀ ਪਾਲਨਾ ਕਰਨੀ ਹੈ। ਹਰ ਕੰਮ, ਹਰ ਚਾਲ, ਹਰ ਗੱਲ, ਗੁਰੂ ਦੇ ਹੁਕਮ ਅਨੁਸਾਰ ਕਰਨੀ ਹੈ।

ਗੁਰਬਾਣੀ 'ਚ ਨਿਰੋਲ ਵਿਸ਼ਵਾਸ ਰੱਖਿਆਂ ਕਾਮਯਾਬੀ ਨਹੀਂ ਹੋਣੀ। ਨਾਮ ਸਿਮਰਨ, ਵਿਚਾਰਨ ਅਤੇ ਅਮਲੀ ਜੀਵਨ 'ਚ ਢਾਲ ਕੇ ਇਕ ਪਾਸੇ ਤਾਂ ਸ਼ਾਂਤੀ, ਅਨੰਦਮਈ ਅਤੇ ਸੰਪੂਰਨ ਗੁਰਮਤਿ ਦਾ ਜੀਵਨ ਜੀਵਿਆ ਜਾ ਸਕਦਾ ਹੈ ਅਤੇ ਦੂਜੇ ਪਾਸੇ ਨਿਰਭੈਤਾ, ਸੂਰਮਗਤੀ ਅਤੇ ਕੁਰਬਾਨੀ ਦਾ ਸੋਮਾ ਬਣ ਸਕੀਂਦਾ ਹੈ। ਸਿਮਰਨ ਰਾਹੀਂ ਗੁਰਸਿੱਖ ਅੰਦਰ ਅਕਾਲ ਪੁਰਖ ਦੀਆਂ ਸ਼ਕਤੀਆਂ ਠਾਠਾ ਮਾਰਨ ਲੱਗ ਜਾਂਦੀਆਂ ਹਨ ਅਤੇ ਸਰਬ ਸ਼ਕਤੀਮਾਨ ਨਾਲ ਜੁੜਕੇ ਖੁਦ ਸ਼ਕਤੀ ਦੀ ਰੌਂ ਦਾ ਹਿਸਾ ਹੋ ਜਾਂਦਾ ਹੈ। ਉਸ ਦੇ ਜੀਵਨ 'ਚੋਂ ਅਕਾਲ ਪੁਰਖ ਦੀ ਸ਼ਕਤੀ ਉਸੇ ਤਰ੍ਹਾਂ ਲਿਸ਼ਕਾਰੇ ਮਾਰਦੀ ਹੈ ਜਿਵੇਂ ਕਿ ਸ਼ੀਸ਼ੇ ਦੇ ਬੱਲਬ 'ਚੋਂ ਬਿਜਲੀ ਦੀ ਰੌਸ਼ਨੀ।

ਸਿੱਖੀ ਦੀ ਅਸਲ ਪਛਾਣ ਗੁਣਾਤਮਕ ਪੱਖ 'ਚ ਹੈ ਨਾ ਕਿ ਗਿਆਤਮਕ ਪੱਖ 'ਚ। ਸਿੱਖੀ ਦੀ ਨਵੇਕਲੀ ਹੋਂਦ ਸੁਚੇਤ ਸਿੱਖਾਂ ਦੇ ਗੁਰ-ਅਮਲ ਨਾਲ ਕਾਇਮ ਦਾਇਮ ਰਹਿਣੀ ਹੈ ਨਾ ਕਿ ਫੋਕੇ ਦਾਅਵਿਆਂ, ਦਮਗਜਿਆਂ ਅਤੇ



Sri Satguru Jagjit Singh Ji eLibrary NamdhariElibrary@gmail.com

ਵਿਖਾਵਿਆਂ ਨਾਲ। ਸਿੱਖ ਗੁਰਮਤਿ ਰਹਿਣੀ ਨਾਲੋਂ ਟੁੱਟ ਚੁੱਕੇ ਹਨ ਅਤੇ ਵਿਚਾਰਧਾਰਕ ਹਮਲਾ ਸਹਿਣ ਤੋਂ ਅਸਮਰਥ ਹਨ।

ਗੁਰਬਾਣੀ ਰੂਹਾਨੀ ਪ੍ਰਕਾਸ਼ ਹੈ ਅਤੇ ਬ੍ਰਹਿਮੰਡਵਾਦੀ ਗਿਆਨ ਦਾ ਸੋਮਾ ਹੈ ਜਿਸ ਦੀ ਜੀਵਨ ਜੁਗਤੀ ਨਾਲ ਮਨੁੱਖ ਇਸ ਬਲਦੇ-ਸੜਦੇ ਈਰਖਾਲੂ ਸੰਸਾਰ ਵਿੱਚ ਅਨੰਦਮਈ ਢੰਗ ਨਾਲ ਆਪਣਾ ਜੀਵਨ ਗੁਜ਼ਾਰ ਸਕਦਾ ਹੈ। ਗੁਰੂ ਸਾਹਿਬ ਨੇ ਸਾਨੂੰ ਗੁਰਬਾਣੀ ਪੜ੍ਹਨ, ਸੁਣਨ, ਗਾਉਣ, ਵਿਚਾਰਨ ਤੇ ਅਮਲ ਕਰਨ ਦਾ ਉਪਦੇਸ਼ ਦਿੱਤਾ ਹੈ:-

ਭਗਤਿ ਭੰਡਾਰ ਗੁਰਬਾਣੀ ਲਾਲ॥
ਗਾਵਤ ਸੁਨਤ ਕਮਾਵਤ ਨਿਹਾਲ॥ (ਪੰਨਾ 376)

# ਗੁਣ ਨੂੰ ਪ੍ਰਧਾਨਤਾ ਦੇਣ ਦੀ ਲੋੜ

ਅੱਜ ਅਸੀਂ ਗੁਣ ਨਾਲੋਂ ਧਨ ਨੂੰ ਪ੍ਰਧਾਨਤਾ ਦੇਈ ਬੈਠੇ ਹਾਂ। ਚੰਗਿਆਈ ਤੇ ਵਡਿੱਤਣ ਦਾ ਨਾਪ ਧਨ-ਦੌਲਤ ਬਣ ਗਏ ਹਨ।ਗੁਣਾਂ ਦੇ ਆਧਾਰ ਨੂੰ ਅਸੀਂ ਪਿੱਠ ਦੇਈ ਬੈਠੇ ਹਾਂ। ਸਿੱਖੀ 'ਚ ਚੰਗਿਆਈ ਦਾ ਨਾਪ ਸੇਵਾ ਹੈ, ਨਿਮਰਤਾ ਹੈ, ਦਇਆ ਹੈ ਅਤੇ ਇਨਸਾਫ ਹੈ। ਅੱਜ ਗੁਰਦੁਆਰਿਆਂ ਅੰਦਰ ਧਨਵਾਨ ਦੀ ਖੁਸ਼ਾਮਦ ਕੀਤੀ ਜਾਂਦੀ ਹੈ ਅਤੇ ਉਸ ਨੂੰ ਪ੍ਰਧਾਨਗੀ ਦਿੱਤੀ ਜਾਂਦੀ ਹੈ। ਜਿੱਥੇ ਸੋਨੇ ਦੇ ਜਲੌ ਧਰਮ ਦਾ ਹਿਸਾ ਬਣ ਜਾਣ, ਉਥੋਂ ਸਚਾਈ ਉਡ ਜਾਂਦੀ ਹੈ। ਅਸਲੀ ਧਰਮੀ ਉਹ ਹੈ ਜਿਸ ਅੰਦਰ ਪਰਸੁਆਰਥ ਦੀ ਰੂਹ ਹੈ ਅਤੇ ਜਿਹੜਾ ਆਪਣੀ ਦੁਨੀਆ ਇਤਨੀ ਚੌੜੀ ਕਰ ਲੈਂਦਾ ਹੈ ਕਿ ਆਪਣੇ ਨਿੱਕੇ ਜਿਹੇ ਦਿਲ ਅੰਦਰ ਸਾਰੀ ਦੁਨੀਆ ਨੂੰ ਧੜਕਾ ਸਕਦਾ ਹੈ।

ਸਾਡੀਆਂ ਸਾਰੀਆਂ ਮੁਸ਼ਕਲਾਂ ਦਾ ਮੂਲ ਕਾਰਨ ਗੁਰਮਤਿ ਦੇ ਨਾਮ ਸਿਮਰਨ, ਵਿਚਾਰਨ ਅਤੇ ਕਮਾਉਣ ਦੇ ਸਿਧਾਂਤਾਂ ਤੋਂ ਮੂੰਹ ਮੋੜਨਾ ਹੈ। ਧਾਰਮਿਕ ਅਸੂਲਾਂ ਦੀ ਕੁਰਬਾਨੀ ਕਰਨੀ ਜ਼ਮੀਰ ਨੂੰ ਵੇਚਣਾ ਹੈ। ਅੱਜ ਸਾਡਾ ਦ੍ਰਿਸ਼ਟੀਕੋਣ ਘਟੀਆ ਅਤੇ ਸੁਆਰਥਕ ਬਣ ਚੁੱਕਾ ਹੈ। ਸਿੱਖੀ ਦੇ ਅਸੂਲਾਂ ਨਾਲ ਜੁੜਨ ਨਾਲ ਹੀ ਕੌਮ ਨਿਘਾਰ ਤੋਂ ਬਚ ਸਕਦੀ ਹੈ। ਜੇ ਕੌਮ ਦਾ ਹਰ ਮੈਂਬਰ ਸਿੱਖੀ ਅਸੂਲਾਂ ਨਾਲ ਜੁੜਨ ਵੱਲ ਧਿਆਨ ਦੇਵੇ, ਹਰ ਮੈਂਬਰ ਅੰਮ੍ਰਿਤਧਾਰੀ ਹੋ ਜਾਵੇ, ਪੰਜ ਕਕਾਰੀ ਹੋ ਜਾਏ, ਸ਼ਸਤਰਧਾਰੀ ਹੋ ਜਾਏ (ਕੇਵਲ ਗਾਤਰੇ 'ਚ ਜੰਜੂ ਵਾਂਗ ਕਰਦ ਲਟਕਾਉਣਾ ਨਹੀਂ), ਤਾਂ ਸਿੱਖ ਕੌਮ ਮੁੜ ਕੇ ਸ਼ਕਤੀਸ਼ਾਲੀ ਬਣ ਜਾਏਗੀ। ਸ਼ਕਤੀ ਨਾਲ ਕੌਮ ਚੜ੍ਹਦੀ ਕਲਾ 'ਚ ਜਾਏਗੀ।

ਜਿਸ ਵੀ ਸਿੱਖ ਦੇ ਮਨ ਅੰਦਰ ਸਿੱਖੀ ਲਈ ਪਿਆਰ ਹੈ ਅਤੇ ਉਹ ਸਿੱਖਾਂ ਅੰਦਰ ਸਿੱਖੀ ਸਪਿਰਿਟ ਭਰੀ ਹੋਈ ਵੇਖਣ ਦਾ ਚਾਹਵਾਨ ਹੈ, ਤਾਂ ਉਸ ਨੂੰ ਆਪਣੇ ਆਪ ਤੋਂ ਹੀ ਅਮਲੀ ਜੀਵਨ ਜੀਉਣ ਦਾ ਕੰਮ ਆਰੰਭ ਕਰਨਾ ਪਏਗਾ ਅਤੇ ਆਪਣੇ ਆਪ ਵਿੱਚ ਹੀ ਸਿੱਖੀ ਸਪਿਰਿਟ ਭਰਕੇ ਵਿਖਾਣੀ ਪਏਗੀ।

ਜੇ ਅਸੀਂ ਦੂਜਿਆਂ ਦੀਆਂ ਗ਼ਲਤੀਆਂ ਦਰਸਾ ਕੇ ਆਪਣੀਆਂ ਤਰੁਟੀਆਂ ਨੂੰ ਉਚਿਤ ਠਹਿਰਾਉਣ ਦੀ ਆਦਤ ਨੂੰ ਛੱਡ ਕੇ ਅਸੀਂ ਆਪਣੇ ਆਪਣੀਆਂ ਤਰੁਟੀਆਂ ਨੂੰ ਆਪ ਹੀ ਸੁਧਾਰਨ ਵਲ ਧਿਆਨ ਦੇਈਏ ਤਾਂ ਸਿੱਖ ਕੌਮ ਆਪਣਾ ਗੁਆਚਾ ਵਕਾਰ ਛੇਤੀ ਬਹਾਲ ਕਰ ਸਕੇਗੀ ਅਤੇ ਸਿੱਖ ਕੌਮ ਮੁੜ ਚੜ੍ਹਦੀ ਕਲਾ ਵਿੱਚ ਵਿਚਰਨ ਲੱਗ ਪਏਗੀ। ਸਿੱਖਾਂ ਅੰਦਰ ਇਥੋਂ ਦੇ ਜਨਮ-ਵਾਸੀ ਹੋਣ ਦੀ ਭਾਵਨਾ ਭਰਨ ਦੀ ਲੋੜ ਹੈ ਅਤੇ ਆਪਣੇ ਅੰਦਰ ਆਪਣੀ ਸ਼ਨਾਖਤ ਜ਼ਾਹਰ ਕਰਨ ਦੇ ਪੱਖ ਨੂੰ ਉਜਾਗਰ ਕਰਨ ਦੀ ਲੋੜ ਹੈ।

ਨਸ਼ਿਆਂ ਦੀ ਹਨੇਰੀ ਨੇ ਅਣਗਿਣਤ ਘਰਾਂ ਦੇ ਦੀਵੇ ਬੁਝਾ ਦਿੱਤੇ ਹਨ। ਪੁਲਿਸ ਨੇ ਸਿੱਖ ਨਸਲਕੁਸ਼ੀ ਪਲਾਨ ਅਧੀਨ ਸਿੱਖ ਜਵਾਨੀ ਦਾ ਘਾਣ ਕਰ ਦਿੱਤਾ ਹੈ। ਸਿੱਖ ਕਿਸਾਨ ਕਾਮੇ ਆਰਥਕ ਤਬਾਹੀ ਦੇ ਕੰਢੇ 'ਤੇ ਹਨ। ਸਿੱਖ ਧਰਮ, ਸਿੱਖ ਬੋਲੀ ਤੇ ਸਿੱਖ ਸਭਿਆਚਾਰ ਨੂੰ ਖੋਰਿਆ ਜਾ ਰਿਹਾ ਹੈ ਅਤੇ ਉਸ ਦੀ ਥਾਂ ਭਈਇਸਤਾਨੀ ਸਭਿਆਚਾਰ ਦਾ ਪਰਸਾਰ ਕੀਤਾ ਜਾ ਰਿਹਾ ਹੈ। ਸਿੱਖ ਕੌਮ ਦੀਆਂ ਸਮੱਸਿਆਵਾਂ ਘੋਰ ਅੰਧਕਾਰ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਕੌਣ ਜੂਝੇਗਾ ਉਹਨਾਂ ਨੂੰ ਠੱਲ੍ਹ ਪਾਉਣ ਲਈ? ਹਾਕਮ ਜਮਾਤ ਵਲੋਂ ਸਾਨੂੰ ਅਨਪੜ੍ਹ ਰੱਖਿਆ ਜਾ ਰਿਹਾ ਹੈ। ਸਭ ਕੁਝ ਸਰਕਾਰ ਦੇ ਹੱਥ ਵਿੱਚ ਹੈ।

ਗਿਆਨ ਬਿਨਾਂ ਮਨੁੱਖ, ਮਨੁੱਖ ਨਹੀਂ ਹੈ। ਸਾਡੀਆਂ ਗਿਆਨ ਦੇਣ ਵਾਲੀਆਂ ਸੰਸਥਾਵਾਂ - ਸਕੂਲ, ਕਾਲਜ, ਯੂਨੀਵਰਸਿਟੀਆਂ ਨੂੰ ਭ੍ਰਿਸ਼ਟਾਚਾਰ, ਅਨੈਤਿਕਤਾ ਅਤੇ ਅਗਿਆਨਤਾ ਦੇ ਅੱਡੇ ਬਣਾ ਕੇ ਰੱਖ ਦਿੱਤਾ ਗਿਆ ਹੈ। ਇਹਨਾਂ ਸੰਸਥਾਵਾਂ ਨੂੰ ਬ੍ਰਾਹਮਣਵਾਦ ਦੇ ਪਰਸਾਰ ਲਈ ਵਰਤਿਆ ਜਾ ਰਿਹਾ ਹੈ। ਇਹਨਾਂ ਨੂੰ ਕੌਣ ਠੱਲ੍ਹ ਪਾਏਗਾ? ਇਹ ਸਾਡੀਆਂ ਹੀ ਜ਼ਿਮੇਵਾਰੀਆਂ ਹਨ, ਸਾਨੂੰ ਹੀ ਨਿਭਾਉਣੀਆਂ ਪੈਣੀਆਂ ਅਤੇ ਕੋਈ ਕਰਾਮਾਤ ਨਹੀਂ ਜੇ ਵਾਪਰਨ ਲੱਗੀ। ਬਿੱਲੀ ਨੂੰ ਵੇਖ ਕੇ ਕਬੂਤਰ ਦੇ ਅੱਖਾਂ ਮੀਟ ਲੈਣ ਨਾਲ ਬਿੱਲੀ ਦੇ ਖਾ ਜਾਣ ਦਾ ਖਤਰਾ ਦੂਰ ਨਹੀਂ ਹੋ ਜਾਣਾ।

ਆਉਣ ਵਾਲੀਆਂ ਨਸਲਾਂ ਨੂੰ ਇਸ ਮਹਾਨ ਵਿਰਸੇ ਦੀ ਵਿਰਾਸਤ ਵੀ ਅਸੀਂ ਹੀ ਸੌਂਪਣੀ ਹੈ। ਅਸੀਂ 'ਖ਼ਾਲਸਾ ਪਹਿਚਾਣ' ਕਿਹੋ ਜਿਹੇ ਬਿੰਬ ੌਗਮਜਠਏੱ ਵਿੱਚ ਪੇਸ਼ ਕਰਨੀ ਹੈ? ਅਤੇ ਕੀ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਖ਼ਾਲਸਈ ਫ਼ਿਲਾਸਫ਼ੀ, ਖ਼ਾਲਸਈ ਜੀਵਨ-ਜਾਂਚ, ਖ਼ਾਲਸਈ ਰਵਾਇਤਾਂ ਤੇ ਖ਼ਾਲਸਈ ਕਿਰਦਾਰ ਦੀ ਵਿਰਾਸਤ ਸੌਂਪਣ ਦੀ ਜ਼ਿਮੇਵਾਰੀ ਤੋਂ ਸੁਚੇਤ ਹਾਂ? ਅੱਜ ਸਾਨੂੰ ਗੰਭੀਰਤਾ ਨਾਲ ਸੋਚਣਾ ਪਏਗਾ ਕਿ ਪਿਛਲੇ ਪੰਜ ਸੌ ਸਾਲਾਂ ਤੋਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਰੱਬੀ ਸੰਦੇਸ਼ ਦੇਣ ਵਾਲਾ ਸਿੱਖ ਧਰਮ ਆਲਮੀ ਧਰਮ ਕਿਉਂ ਨਹੀਂ ਬਣ ਸਕਿਆ? ਜਦ ਕਿ ਸੰਸਾਰ ਦਾ ਇਹ ਇਕਲਾ ਧਰਮ

Sri Satguru Jagjit Singh Ji eLibrary NamdhariElibrary@gmail.com

ਅਜੋਕੇ ਹਾਲਾਤ ਨੂੰ ਸਾਹਮਣੇ ਰੱਖ ਕੇ ਗੁਰੂ ਨਾਨਕ ਸਾਹਿਬ ਦੇ ਮਨੁੱਖੀ ਸਮਾਨਤਾ ਦੇ ਸੰਕਲਪ ਨੂੰ ਸੁਰਜੀਤ ਕਰਨ ਦੀ ਇਤਿਹਾਸਕ ਲੋੜ ਹੋਰ ਵੀ ਵੱਧ ਗਈ ਹੈ। ਇੱਕੀਵੀਂ ਸਦੀ ਵਿੱਚ ਪਦਾਰਥਵਾਦ ਦੀ ਅੰਨ੍ਹੀ ਦੌੜ ਹੋਰ ਵੀ ਤਿੱਖੀ ਹੋਣੀ ਹੈ। ਡਰਿੰਕ ਕਲਚਰ, ਡਰੱਗ ਕਲਚਰ ਅਤੇ ਵਿਭਚਾਰ ਕਲਚਰ ਨੇ ਮਨੁੱਖਤਾ ਨੂੰ ਹੋਰ ਵਧੇਰੇ ਖ਼ੁਆਰ ਕਰਨਾ ਹੈ। ਇਹਨਾਂ ਪੱਛਮੀ ਮੁਲਕਾਂ ਤੋਂ ਉਜਲੇ ਭਵਿਖ ਦੀ ਆਸ ਰੱਖਣੀ ਵਿਅਰਥ ਹੈ। ਇਹ ਮਨੁੱਖਤਾ ਨੂੰ ਤਬਾਹੀ ਵਲ ਲਿਜਾ ਰਹੇ ਹਨ। ਅੱਜ ਲੋੜ ਹੈ ਕਿ ਖ਼ਾਲਸਈ ਦ੍ਰਿਸ਼ਟੀਕੋਣ ਨੂੰ ਆਪਣੇ ਜੀਵਨ ਵਿੱਚ ਢਾਲ ਕੇ ਮਨੁੱਖੀ ਤਹਿਜ਼ੀਬ ਵਿੱਚ ਵਾਧਾ ਕਰਕੇ ਮਨੁੱਖਤਾ ਨੂੰ ਗੁਰਮਤਿ ਦਾ ਸਹੀ ਰਾਹ ਵਿਖਾਈਏ। ਖਿਮਾ ਕਰਨਾ, ਮਹਿਜ਼ ਭੀੜਾਂ ਇੱਕਠੀਆਂ ਕਰ ਲੈਣ ਨਾਲ ਪ੍ਰਾਪਤੀ ਨਹੀਂ ਹੋ ਜਾਂਦੀ। ਹਮੇਸ਼ਾਂ ਵਾਂਗ ਰਸਮੀ ਧੂਮ-ਧੜੱਕੇ ਅਤੇ ਫੋਕੀ ਠਾਠ-ਬਾਠ ਵਿੱਚ ਹੀ ਅਜਿਹਾ ਯਾਦਗਾਰੀ ਮੌਕਾ ਗਵਾ ਦੇਣਾ ਖ਼ਾਲਸਾ ਮਿਸ਼ਨ ਨਾਲ ਧ੍ਰੋਹ ਕਰਨਾ ਹੋਵੇਗਾ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।


Sri Satguru Jagjit Singh Ji eLibrary NamdhariElibrary@gmail.com

| ਦਸ ਗੁਰੂ ਸਾਹਿਬਾਨ | ਪ੍ਰਕਾਸ਼ | | ਜੋਤੀ ਜੋਤ |
|---|---|---|---|
| 1. ਸ੍ਰੀ ਗੁਰੂ ਨਾਨਕ ਦੇਵ ਜੀ (ਸਿੱਖ ਧਰਮ ਦੇ ਬਾਨੀ) | 1469 | - | 1539 |
| 2. ਸ੍ਰੀ ਗੁਰੂ ਅੰਗਦ ਦੇਵ ਜੀ | 1504 | - | 1552 |
| 3. ਸ੍ਰੀ ਗੁਰੂ ਅਮਰਦਾਸ ਜੀ | 1479 | - | 1574 |
| 4. ਸ੍ਰੀ ਗੁਰੂ ਰਾਮਦਾਸ ਜੀ | 1534 | - | 1581 |
| 5. ਸ੍ਰੀ ਗੁਰੂ ਅਰਜਨ ਦੇਵ ਜੀ | 1563 | - | 1606 |
| 6. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 1595 | - | 1644 |
| 7. ਸ੍ਰੀ ਗੁਰੂ ਹਰ ਰਾਇ ਸਾਹਿਬ ਜੀ | 1630 | - | 1661 |
| 8. ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ | 1656 | - | 1664 |
| 9. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 1621 | - | 1675 |
| 10. ਸ੍ਰੀ ਗੁਰੂ ਗੋਬਿੰਦ ਸਿੰਘ ਜੀ | 1666 | - | 1708 |

## ਦਸ ਗੁਰੂ ਸਾਹਿਬਾਨ ਦਾ ਗੁਰੂਤਾ ਗੱਦੀ ਦਾ ਸਮਾਂ

| | | | |
|---|---|---|---|
| 1. ਸ੍ਰੀ ਗੁਰੂ ਨਾਨਕ ਦੇਵ ਜੀ | 1469 | - | 1539 |
| 2. ਸ੍ਰੀ ਗੁਰੂ ਅੰਗਦ ਦੇਵ ਜੀ | 1539 | - | 1552 |
| 3. ਸ੍ਰੀ ਗੁਰੂ ਅਮਰਦਾਸ ਜੀ | 1552 | - | 1574 |
| 4. ਸ੍ਰੀ ਗੁਰੂ ਰਾਮਦਾਸ ਜੀ | 1574 | - | 1581 |
| 5. ਸ੍ਰੀ ਗੁਰੂ ਅਰਜਨ ਦੇਵ ਜੀ | 1581 | - | 1606 |
| 6. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 1606 | - | 1645 |
| 7. ਸ੍ਰੀ ਗੁਰੂ ਹਰ ਰਾਇ ਸਾਹਿਬ ਜੀ | 1645 | - | 1661 |
| 8. ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ | 1661 | - | 1664 |
| 9. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 1664 | - | 1675 |
| 10. ਸ੍ਰੀ ਗੁਰੂ ਗੋਬਿੰਦ ਸਿੰਘ ਜੀ | 1675 | - | 1708 |

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 1708- ਸਦੀਵ ਕਾਲ ਤੱਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਸਿੱਖਾਂ ਦੇ 1708 ਈ. ਤੋਂ ਸ਼ੁਰੂ ਹੋ ਕੇ ਮੁਕੰਮਲ ਸਦੀਵੀ ਗੁਰੂ, ਜਿਸ ਵਿਚ ਸਿੱਖ ਗੁਰੂ ਸਾਹਿਬਾਨ ਦੇ ਨਾਲ ਅਕਾਲ-ਪੁਰਖ ਤੋਂ ਵਰੋਸਾਏ ਹੋਏ ਮਹਾਂਪੁਰਖਾਂ, ਜਿਹੜੇ ਵੱਖ ਵੱਖ ਜਾਤਾਂ ਅਤੇ ਧਰਮਾਂ ਨਾਲ ਸੰਬੰਧਤ ਸਨ, ਦੀ ਰੱਬੀ ਬਾਣੀ ਦਰਜ ਹੈ।

ਰੂਹਾਨੀ ਰੋਸ਼ਨੀ ਦਸ ਗੁਰੂ ਸਾਹਿਬਾਨ ਦਾ ਆਤਮਿਕ ਸਰੂਪ ਜਿਸਨੂੰ ਕਿ ਆਦਿ ਗ੍ਰੰਥ ਕਹਿੰਦ ਹਨ।(1430 ਪੰਨੇ) ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕਰਕੇ 1604 ਈ. ਨੂੰ ਹਰਿਮੰਦਰ ਸਾਹਿਬ (ਰੱਬ ਦਾ ਘਰ) ਵਿਖੇ ਸੁਸ਼ੋਭਿਤ ਕੀਤਾ।

Sri Satguru Jagjit Singh Ji eLibrary NamdhariElibrary@gmail.com

# ਸਿੱਖ ਧਰਮ ਦੇ ਮੌਲਿਕ ਸਿਧਾਂਤ

(ਬੁਨਿਆਦੀ ਸਿਧਾਂਤ)

ਮੁਢਲੀ ਵਿਚਾਰਧਾਰਾ ਅਤੇ ਦਰਸ਼ਨ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤੇ ਅਤੇ ਉਨ੍ਹਾਂ ਦੇ ਜਾਨਸ਼ੀਨ ਗੁਰੂ ਸਾਹਿਬਾਨ ਨੇ ਪ੍ਰਚਾਰੇ। ਉਹ ਇਸ ਤਰ੍ਹਾਂ ਹਨ- ਅਕਾਲ ਪੁਰਖ (ਪ੍ਰਮਾਤਮਾ) ਸਿਰਫ਼ ਇਕ ਹੈ। ਸਾਨੂੰ ਸਿਰਫ਼ ਉਸ ਕੋਲ ਅਰਦਾਸ ਕਰਨੀ ਚਾਹੀਦੀ ਹੈ। ਉਸਦੀ ਸਿਫ਼ਤ ਸੁਲਾਹ ਆਪ ਗਾਉਣੀ ਚਾਹੀਦੀ ਹੈ ਅਤੇ ਦੂਸਰਿਆਂ ਨੂੰ ਇੰਝ ਕਰਨ ਲਈ ਪ੍ਰੇਰਨਾ ਚਾਹੀਦਾ ਹੈ। ਸਿਰਫ਼ ਆਪਣੇ ਭਲੇ ਵਾਸਤੇ ਹੀ ਨਾ ਅਰਦਾਸ ਕਰੋ ਸਗੋਂ ਸਰਬੱਤ ਦਾ ਭਲਾ ਮੰਗੋ।

ਸਿੱਖ ਧਰਮ ਅਵਤਾਰਵਾਦ ਵਿਚ ਵਿਸ਼ਵਾਸ ਨਹੀਂ ਕਰਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਪ੍ਰਮਾਤਮਾ ਜੰਮਣ ਮਰਨ ਤੋਂ ਰਹਿਤ ਹੈ- ਉਹ ਅਜੂਨੀ ਹੈ (ਭਾਵ ਕਿਸੇ ਜੂਨ ਵਿਚ ਨਹੀਂ ਪੈਂਦਾ)

— ਰੱਬ ਨੂੰ ਹਮੇਸ਼ਾ ਅਤੇ ਹਰੇਕ ਥਾਂ ਤੇ ਯਾਦ ਰੱਖੋ।

— ਸਿੱਖ ਧਰਮ ਕਿਸੇ ਕਿਸਮ ਦੇ ਰਸਮ-ਰਿਵਾਜ, ਸ਼ਗਨ ਅਪਸ਼ਗਨ, ਵਹਿਮ, ਵਰਤ ਅਤੇ ਝੂਠੀ ਬੁੱਤ ਪੂਜਾ ਵਿਚ ਯਕੀਨ ਨਹੀਂ ਕਰਦਾ।

— ਸਾਰੇ ਮਨੁੱਖੀ ਜੀਵ ਸਿਰਫ਼ ਇੱਕੋ ਹੀ ਪ੍ਰਮਾਤਮਾ ਦੇ ਬੱਚੇ ਹਨ, ਸਾਰੇ ਕਾਲੇ, ਗੋਰੇ ਅਤੇ ਭੂਰੇ ਆਦਿ ਪ੍ਰਮਾਤਮਾ ਦੀ ਨਜ਼ਰ ਵਿਚ ਸਮਾਨ ਹਨ।

— ਸਾਨੂੰ ਸਾਰੀ ਮੁਨੱਖ ਜਾਤੀ, ਉਨ੍ਹਾਂ ਦੇ ਧਰਮ ਤੇ ਸਭਿਆਚਾਰ ਦਾ ਸਤਿਕਾਰ ਕਰਨਾ ਚਾਹੀਦਾ ਹੈ।

— ਸਾਨੂੰ ਕਿਸੇ ਵਿਅਕਤੀ ਦਾ ਉਸਦੇ ਖਾਨਦਾਨੀ ਪਿਛੋਕੜ ਕਰਕੀ ਨਹੀਂ ਸਗੋਂ ਉਸਦੇ ਕੀਤੇ ਕਰਮਾਂ ਅਨੁਸਾਰ ਅਨੁਮਾਨ ਲਾਉਣਾ ਚਾਹੀਦਾ ਹੈ।

— ਸਭ ਤੋਂ ਉੱਪਰ ਸੱਚ ਹੈ-ਉਸ ਤੋਂ ਉੱਪਰ ਭੀ ਸੱਚਾ-ਸੁੱਚਾ ਜੀਵਨ ਹੈ।

— ਆਪਣੇ ਵਿਚਾਰ, ਸ਼ਬਦ ਅਤੇ ਕਰਮ ਸੱਚੇ ਰੱਖੋ-ਕੋਈ ਧੋਖਾ, ਕੋਈ ਝੂਠ, ਜਾਂ ਫਰੇਬ ਸਾਰਵਜਨਕ ਜਾਂ ਜਾਤੀ ਜ਼ਿੰਦਗੀ 'ਚ ਨਹੀਂ ਹੋਣਾ ਚਾਹੀਦਾ।

— ਇਮਾਨਦਾਰੀ ਨਾਲ ਸਖ਼ਤ ਮਿਹਨਤ ਕਰੋ- ਆਪਣੀ ਰੋਜ਼ੀ ਰੋਟੀ ਇਮਾਨਦਾਰੀ ਨਾਲ ਕਮਾਉ ਅਤੇ ਆਪਣੀ ਕਮਾਈ ਦੂਸਰਿਆਂ ਨਾਲ ਸਾਂਝੀ ਕਰੋ - ਜਿਹੜਾ ਤੁਹਾਡਾ ਨਹੀਂ ਹੈ - ਉਸਨੂੰ ਗ੍ਰਹਿਣ ਨਾ ਕਰੋ।

— ਲਾਲਚ ਕ੍ਰੋਧ ਅਤੇ ਹੰਕਾਰ ਦਾ ਤਿਆਗ ਕਰੋ। ਸਾਰੇ ਜਾਨਦਾਰ ਜੀਵਾਂ ਪ੍ਰਤੀ ਦਿਆਲੂ, ਸੱਚੇ ਅਤੇ ਨਿਮਰ ਰਹੋ।

— ਨਾ ਕਿਸੇ ਤੋਂ ਡਰੋ ਅਤੇ ਨਾ ਹੀ ਕਿਸੇ ਨੂੰ ਡਰਾਓ।

— ਜਿਹੜਾ ਆਪਣਾ ਮਨ ਜਿੱਤ ਲੈਂਦਾ ਹੈ, ਉਹ ਜੱਗ ਜਿੱਤ ਲੈਂਦਾ ਹੈ।

— ਸਾਨੂੰ ਦੂਜਿਆਂ ਲਈ ਜੀਣਾ ਚਾਹੀਦਾ ਹੈ ਨਾ ਕਿ ਸਿਰਫ਼ ਆਪਣੇ ਲਈ। ਸਾਨੂੰ ਸੌਂਪੀ ਹੋਈ ਸੇਵਾ ਨੂੰ ਤਨ-ਦੇਹੀ ਨਾਲ ਨਿਭਾਉਣਾ ਚਾਹੀਦਾ ਹੈ।

— ਹਰੇਕ ਨੂੰ ਆਪਣੇ ਪਤੀ/ਪਤਨੀ ਲਈ ਵਫ਼ਾਦਾਰ ਹੋਣਾ ਚਾਹੀਦਾ ਹੈ ਅਤੇ ਸਾਰੀਆਂ ਇਸਤ੍ਰੀਆਂ ਨੂੰ ਮਾਂਵਾਂ, ਭੈਣਾਂ ਅਤੇ ਧੀਆਂ ਸਮਾਨ ਸਮਝਣਾ ਚਾਹੀਦਾ ਹੈ-ਔਰਤਾਂ ਅਤੇ ਮਰਦ ਇਕੋ ਜਹੇ ਹਨ।

# ਪੰਜ ਕੱਕੇ

(1) **ਕੇਸ** – ਕੁਦਰਤੀ (ਅਣ-ਕੱਟੇ) ਵਾਲ ਰੱਬ ਦੀ ਦੇਣ ਹਨ ਅਤੇ ਪ੍ਰਮਾਤ
ਦਾਤ ਹੈ। ਵਾਲਾਂ ਨੂੰ ਕੁਦਰਤੀ ਰੂਪ ਵਿਚ ਰੱਖ ਕੇ ਰੱਬ ਦੇ ਭਾਣੇ ਨੂੰ ਕੁਦਰਤੀ ਰੂਪ
ਸਵੀਕਾਰ ਕਰਨਾ ਹੈ ਅਤੇ ਇਸ ਤਰ੍ਹਾਂ ਕਰਦਿਆਂ ਇਕ ਗੁਰ-ਸਿੱਖ ਆਪਣੇ ਵਿਸ਼ਵ
ਰੱਬ ਦੀ ਸਿਆਣਪ ਵਿਚ ਪੱਕਿਆਂ ਕਰਦਾ ਹੈ।

(2) **ਕੰਘਾ**– ਲੱਕੜ ਦਾ ਕੰਘਾ, ਇਕ ਖ਼ਾਸ ਕਿਸਮ ਦੀ ਲੱਕੜ ਦਾ ਕੰਘਾ ਜਿ
ਸਫਾਈ ਅਤੇ ਵਾਲਾਂ ਦੀ ਹਿਫ਼ਾਜ਼ਤ ਦਾ ਚਿੰਨ੍ਹ ਹੈ।

(3) **ਕੜਾ**– ਇਕ ਲੋਹੇ ਜਾਂ ਸਟੀਲ ਦਾ ਕੜਾ, ਜਿਹੜਾ ਕਿ ਹੱਥ ਨੂੰ ਲਾ
ਹਵਸ, ਮੋਹ, ਕ੍ਰੋਧ ਅਤੇ ਹੰਕਾਰ ਤੋਂ ਹਮੇਸ਼ਾ ਵਰਜਦਾ ਹੈ।

(4) **ਕ੍ਰਿਪਾਨ**– ਇੱਕ ਛੋਟੀ ਕ੍ਰਿਪਾਨ, ਜਿਹੜੀ ਕਿ ਸੱਚ ਤੇ ਸੁੱਚਮ ਦੀ ਪ੍ਰਤੀਕ
ਮਨੁੱਖੀ ਇਤਿਹਾਸ ਵਿਚ ਪਹਿਲੀ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਵੈ-ਰੱਖਿਆ
ਕ੍ਰਿਪਾਨ ਦੀ ਵਰਤੋਂ ਜਾਇਜ਼ ਕਰਾਰ ਦਿੱਤੀ ਪਰ ਕਿਸੇ ਤੇ ਹਮਲਾ ਕਰਨ ਲਈ ਨਹੀਂ।

(5) **ਕਛਹਿਰਾ** ਇਕ ਖ਼ਾਸ ਕਿਸਮ ਦਾ ਕਛਹਿਰਾ ਜਿਹੜਾ ਕਿ ਆਰਾਮ-ਦਾ
ਹੁੰਦਾ ਹੈ ਅਤੇ ਉੱਚੇ ਨੈਤਿਕ ਚਰਿਤ੍ਰ ਦਾ ਚਿੰਨ੍ਹ ਹੈ।

**ਅੰਮ੍ਰਿਤ ਛਕਣ ਦਾ ਮਤਲਬ ਪੰਜ ਭਰਮਾਂ ਤੋਂ ਰਹਿਤ**

(1) **ਜਨਮ ਨਾਸ਼**–ਜਾਤੀ ਪ੍ਰਥਾ ਦੀ ਬੁਰਾਈ ਤੋਂ ਰਹਿਤ ਹੋ ਕੇ ਗੁਰੂ ਗੋਬਿੰਦ ਸਿੰਘ
ਦੇ ਪ੍ਰਵਾਰ ਦਾ ਪੁਨਰ-ਜਨਮ ਜਿਸ ਵਿਚ ਉਸ ਦਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮ
ਸਾਹਿਬ ਕੌਰ ਜੀ ਅਤੇ ਜਨਮ-ਅਸਥਾਨ ਆਨੰਦਪੁਰ ਸਾਹਿਬ ਖ਼ਾਲਸੇ ਦਾ ਜਨਮ ਸਥਾ

(2) **ਸ਼ਰਮ ਨਾਸ**–ਪਿਤਾ ਪੁਰਖੀ ਕਿੱਤਿਆਂ ਤੋਂ ਰਹਿਤ ਜਿਵੇਂ ਕਿ ਪੁਰਾਣੇ ਵਿ
ਤੋਂ ਮਿਲੇ ਨਾਮ ਦਰਜੀ, ਬਾਣੀਏ, ਭੰਗੀ, ਨਾਈ, ਮੋਚੀ ਆਦਿ।

(3) **ਧਰਮ ਨਾਸ਼**–ਪੁਰਾਣੇ ਸਾਰੇ ਧਾਰਮਿਕ ਵਿਸ਼ਵਾਸਾਂ ਅਤੇ ਸੰਸਕਾਰ ਅਤੇ ਰ
ਰੀਤੀਆਂ ਤੋਂ ਮੁਕਤ ਸਿਰਫ਼ ਇਕ ਅਕਾਲ-ਪੁਰਖ ਵਿਚ ਵਿਸ਼ਵਾਸ, ਇਕੋ ਹੀ ਪੂਜਾ
ਢੰਗ ਅਤੇ ਇਕੋ ਹੀ ਚਰਿਤ੍ਰ ਮੁਲਾਂਕਣ।

(4) **ਕਰਮ ਨਾਸ਼**–ਪੁਰਾਣੇ ਕਰਮਾਂ ਦਾ ਨਾਸ਼ – ਪੁਰਾਣੇ ਬੁਰੇ ਕੀਤੇ ਹੋਏ ਕੰਮ ਖਾਲਸ
ਜੀਵਨ ਦੇ ਢੰਗ ਸੇਵਾ ਅਤੇ ਸਿਮਰਨ ਨਾਲ ਸ਼ੁੱਧ ਹੋਣਗੇ।

(5) **ਭਰਮ ਨਾਸ਼**–ਹਰੇਕ ਕਿਸਮ ਦੇ ਫਿਜ਼ੂਲ ਰਸਮਾਂ, ਵਹਿਮ-ਭਰਮ, ਤੀਰਥ ਯਾ
ਜਾਂ ਵਰਤ ਰਖਣੇ ਤੋਂ ਮੁਕਤ।

## ਚਾਰ ਹੁਕਮ–ਚਾਰ ਕੁਰਹਿਤਾਂ

ਇਕ ਅੰਮ੍ਰਿਤਧਾਰੀ ਸਿੰਘ ਕਿਸੇ ਭੀ ਕੀਮਤ ਤੇ ਹੇਠ ਲਿਖੀਆਂ ਚਾਰ ਕੁਰਹਿ
ਨਹੀਂ ਕਰੇਗਾ–

(1) ਸਰੀਰ ਦੇ ਕਿਸੇ ਭੀ ਭਾਗ ਤੋਂ ਰੋਮ ਕੱਟਣੇ।

(2) ਨਸ਼ੀਲੀਆਂ ਵਸਤੂਆਂ (ਸਿਗਰਟ, ਸ਼ਰਾਬ, ਤੰਬਾਕੂ, ਮਾਦਿਕ ਪਦਾਰਥ)
ਵਰਤੋਂ

Sri Satguru Jagjit Singh Ji eLibrary NamdhariElibrary@gmail.com

(3) ਕੁਠਾ ... ਮਾਸ (ਮੁਸਲਮਾਨੀ ਤਰੀਕੇ ਨਾਲ ...

# ਇਕ ਵੰਗਾਰ

(ਸਾਡੇ ਸਾਹਮਣੇ ਟੀਚਾ)

ਸਿੱਖ ਧਰਮ ਵਿਸ਼ਵ ਵਿਆਪੀ ਧਰਮ ਹੈ ਜਿਸ ਵਿੱਚ ਹਰੇਕ ਪ੍ਰਾਣੀ ਵਾਸਤੇ ਇਕ ਸੰਦੇਸ਼ ਹੈ-ਇਹ ਗੁਰੂ ਸਾਹਿਬਾਨ ਦੀਆਂ ਲਿਖਤਾਂ ਤੋਂ ਭਲੀ ਭਾਂਤ ਸਪਸ਼ਟ ਹੈ-ਸਿੱਖਾਂ ਨੂੰ ਇਸ ਧਰਮ ਲਈ ਸਿਰਫ਼ ਇਹ ਕਿ ਇਹ "ਇਕ ਨਵਾਂ ਅਤੇ ਚੰਗਾ ਧਰਮ" ਸੋਚਣਾ ਬੰਦ ਕਰਨਾ ਚਾਹੀਦਾ ਹੈ ਪਰੰਤੂ ਇਸਨੂੰ ਇਕ ਨਵੀਨਤਮ ਉਮਰ ਦਾ ਧਰਮ ਸਮਝ ਕੇ ਇਸਨੂੰ ਸਿੱਧ ਕਰਨ ਲਈ ਕਿਤਾਬਾਂ ਲਿਖਣੀਆਂ ਚਾਹੀਦੀਆਂ ਹਨ।

"ਅਜੋਕੇ ਮਨੁੱਖ ਦੀਆਂ ਸਮੱਸਿਆਵਾਂ ਦਾ ਸਹੀ ਜਵਾਬ ਸਚਮੁੱਚ ਸਿੱਖ ਧਰਮ ਹੈ।"

ਸਾਨੂੰ ਆਪਣੇ ਸਾਰੇ ਸ੍ਰੋਤਾਂ ਅਤੇ ਸਹੂਲਤਾਂ ਦਾ ਆਧੁਨਿਕੀਕਰਣ ਅਤੇ ਕੇਂਦਰੀਕਰਣ ਕਰਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸਮੂਹਿਕ ਤਰਜਮਾ ਵਿਆਖਿਆ ਸਹਿਤ ਸਿੱਖ ਵਿਦਵਾਨਾਂ ਵਲੋਂ ਸੰਸਾਰ ਦੀਆਂ ਵੱਖ ਵੱਖ ਭਾਸ਼ਾਵਾਂ ਵਿਚ ਹੋਣਾ ਚਾਹੀਦਾ ਹੈ ਜਿਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੁਕਮ ਕੀਤਾ ਹੈ। ਸਾਡੇ ਕਾਲਜ ਅਤੇ ਵਿਦਿਅਕ ਸੰਸਥਾਵਾਂ ਹਰ ਹਾਲਤ 'ਚ ਸੇਵਾ ਭਾਵਨੀ ਵਾਲੀਆਂ ਹੋਣ ਅਤੇ ਆਪਣੇ ਪਾਠ-ਕ੍ਰਮ ਨੂੰ ਬਦਲਣ ਅਤੇ ਸਿੱਖ ਮਿਸ਼ਨਰੀਆਂ ਦੀ ਸਿੱਖਿਆ ਦਾ ਇੰਤਜ਼ਾਮ ਕਰਨ। ਸਿੱਖ ਮਾਪੇ ਆਪਣੇ ਬੱਚਿਆਂ ਨੂੰ ਹਰ ਹਾਲਤ ਵਿਚ ਸੇਵਾ ਭਾਵ ਵਾਲੇ ਬਣਨ ਦਾ ਮਾਣ ਸਮਝਾਉਣ ਅਤੇ ਉਹਨਾਂ ਨੂੰ ਦੱਸਣ ਕਿ ਸਾਡਾ ਕਰਤੱਵ ਕੀ ਹੈ? ਇਸ ਕਾਰਜ ਲਈ ਮੁੱਢਲੀ ਸਿੱਖਿਆ ਸੰਬੰਧੀ ਪੁਸਤਕਾਂ ਲਿਖੀਆਂ ਜਾਣ, ਤਰਜਮਾ ਹੋਵੇ ਅਤੇ ਸਾਰੇ ਸੰਸਾਰ ਵਿਚ ਵੰਡੀਆਂ ਜਾਣ ਅਤੇ ਵੱਡੇ ਵੱਡੇ ਸ਼ਹਿਰਾਂ, ਲਾਇਬ੍ਰੇਰੀਆਂ ਅਤੇ ਯੂਨੀਵਰਸਿਟੀਆਂ ਭਾਰਤ, ਇੰਗਲੈਂਡ ਅਤੇ ਅਮਰੀਕਾਂ ਵਿਚ ਭੇਜੀਆਂ ਜਾਣ। ਬਾਕੀ ਧਰਮਾਂ ਵਲੋਂ ਵਰਤੇ ਗਏ ਨਵੀਨਤਮ ਤੌਰ ਤਰੀਕੇ ਅਤੇ ਕੋਰਸਾਂ ਪ੍ਰਤੀ ਜਾਣਕਾਰੀ ਵੱਡੀ ਪੱਧਰ ਤੇ ਇਕੱਠੀ ਕਰਕੇ ਸੰਗਠਿਤ ਰੂਪ 'ਚ ਮਿਆਰੀ ਕਰਕੇ ਵਰਤੀ ਜਾਏ।

ਤੁਸੀਂ ਪੁੱਛੋਗੇ ਕਿ ਇਹ ਇਕ ਬਹੁਤ ਮੁਸ਼ਕਲ ਅਤੇ ਇੱਛਾਪੂਰਕ ਪ੍ਰੋਗਰਾਮ ਹੈ, ਜਿਸਦੀ ਪੈਰਵੀ ਕਰਨਾ ਕਠਿਨ ਹੈ। ਇਸ ਦੇ ਜਵਾਬ ਵਿਚ ਅਸੀਂ ਆਪਣੇ ਆਪ ਨੂੰ ਪੁੱਛੀਏ, "ਕੀ ਇਹ ਸਭ ਕੁਛ ਉਹੋ ਹੀ ਨਹੀਂ ਜਿਹੜਾ ਸਾਡੇ ਗੁਰੂ ਸਾਨੂੰ ਕਰਨ ਲਈ ਕਹਿ ਗਏ ਨੇ? ਕੀ ਇਹ ਸਾਡੇ ਸਿੱਖ ਸ਼ਹੀਦਾਂ ਅਤੇ ਪੁਰਖਿਆਂ ਦੇ ਬਲੀਦਾਨ ਤੋਂ ਜ਼ਿਆਦਾ ਕੁਰਬਾਨੀ ਹੈ?"

ਡਾ. ਹ. ਲ. ਬਰਾਡਸ਼ਾਅ

Sri Satguru Jagjit Singh Ji eLibrary NamdhariElibrary@gmail.com

## ਸ਼ਰਾਬ ਦੀ ਬਖਸ਼ੀਸ਼

ਜਿਗਰ ਖ਼ਰਾਬ
ਬਲੱਡ ਪ੍ਰੈਸ਼ਰ ਹਾਈ
ਗਲੇ ਤੇ ਮਿਹਦੇ ਦਾ ਕੈਂਸਰ
ਮਿਹਦਾ ਖ਼ਰਾਬ
ਮਿਰਗੀ ਤੇ ਲਕਵੇ ਦੇ ਦੌਰੇ
ਗੁਰਦੇ ਨਕਾਰਾ
ਮਾਸਪੇਸ਼ੀਆਂ ਦੀ ਕਮਜ਼ੋਰੀ
ਸੋਚ ਸ਼ਕਤੀ ਦੀ ਤਬਾਹੀ
ਦਿਲ ਦੇ ਰੋਗਾਂ ਨੂੰ ਨਿਮੰਤ੍ਰਣ
ਜਲੋਧਰ ਵਰਗੇ ਰੋਗਾਂ ਦਾ ਡੇਰਾ
ਬੁੱਧੀ ਭ੍ਰਿਸ਼ਟ, ਘਰ ਨਰਕ
ਬੇਇਜ਼ਤੀ ਵਾਧੂ ਵਿਚ

## ਤੰਬਾਕੂ ਦੀ ਦੇਣ

ਮੂੰਹ, ਦੰਦ, ਫੇਫੜਿਆ ਦਾ ਕੈਂਸਰ
ਖੂਨ ਦੀਆਂ ਨਾੜੀਆਂ ਕੀ ਸੋਜਿਸ਼
ਖੂਨ ਦਾ ਦੋਰਾ ਤੇਜ਼
ਹਾਜਮੇ ਦਾ ਖ਼ਾਤਮਾ
ਚੇਤਾ ਸ਼ਕਤੀ ਦੀ ਮੌਤ
ਸੁੰਘਣ ਸ਼ਕਤੀ ਦਾ ਨਾਸ਼
ਸਹਿਣਸ਼ੀਲਤਾ ਦਾ ਅਭਾਵ
ਖਾਂਸੀ ਤੇ ਫੇਫੜਿਆ ਦਾ ਰੋਗ
ਦੰਦ ਤੇ ਮਸੂੜੇ ਖਰਾਬ
ਮੂੰਹ ਤੇ ਸਰੀਰ ਵਿਚੋਂ ਬਦਬੂ
ਬੁੱਧੀ ਭ੍ਰਿਸ਼ਟ
ਵਾਤਾਵਰਣ ਪ੍ਰਦੂਸ਼ਣ ਦਾ ਪਾਪ

ਪ੍ਰਕਾਸ਼ਕ
ਸੇਵਾ ਸਿੰਘ (ਸੰਤ)
ਗੁ: ਰਾਮਪੁਰ ਖੇੜਾ, ਡਾ: ਗੜ੍ਹਦੀਵਾਲਾ
ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ
ਫੋਨ : 01886 260334

ਭੇਟਾ ਵੀਚਾਰ ਤੇ ਅਮਲ
ਪਹਿਲੀ ਵਾਰ 3500

Sri Satguru Jagjit Singh Ji eLibrary NamdhariElibrary@gmail.com